Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit **punjabipost.ca/epaper** | Vol 20* Issue 234 | Monday, November 29, 2021 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


## ਸੀਜੇਐਮਆਰ 1320 ਏਐਮ ਰੇਡੀਓ ਨੇ ਰੇਡੀਓਥੋਨ ਰਾਹੀਂ ਸੇਵਾ ਫੂਡ ਬੈਂਕ ਲਈ ਜੁਟਾਏ 300,000 ਡਾਲਰ ਤੇ 120,000 ਪਾਊਂਡ ਫੂਡ

ਮਿਸੀਸਾਗਾ, 28 ਨਵੰਬਰ (ਪੋਸਟ ਬਿਊਰੋ) : ਬੀਤੇ ਦਿਨੀਂ 11ਵੇਂ ਸਾਲਾਨਾ ਸੀਜੇਐਮਆਰ ਗੁਰੂ ਨਾਨਕ ਰੇਡੀਓਥੋਨ ਤੇ ਫੂਡ ਡਰਾਈਵ ਨੇ 300,000 ਡਾਲਰ ਤੇ 120,000 ਪਾਊਂਡ ਫੂਡ ਸੇਵਾ ਫੂਡ ਬੈਂਕ ਲਈ ਇੱਕਠਾ ਕੀਤਾ। ਇਹ ਕੋਸ਼ਿਸ਼ਾਂ ਸੀਜੇਐਮਆਰ 1320 ਏਐਮ ਰੇਡੀਓ ਸਟੇਸ਼ਨ ਦੇ ਪ੍ਰੋਡਿਊਸਰਜ਼ ਵੱਲੋਂ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਉਤਸਵ ਮੌਕੇ ਕੀਤੀਆਂ ਗਈਆਂ। ਰੇਡੀਓ ਹੋਸਟ ਕੁਲਦੀਪ ਦੀਪਕ ਨੇ ਇਸ ਮੌਕੇ ਆਖਿਆ ਕਿ ਅਸੀਂ ਗੁਰੂ ਨਾਨਕ ਵੱਲੋਂ ਸਮਾਨਤਾ, ਸਮਾਜਕ ਨਿਆਂ ਤੇ ਸੇਵਾ ਦੇ ਦਿੱਤੇ ਸੁਨੇਹੇ ਨੂੰ ਘਰ ਘਰ ਪਹੁੰਚਾਉਣਾ ਚਾਹੁੰਦੇ ਹਾਂ। ਸੇਵਾ ਫੂਡ ਬੈਂਕ ਨਿਸ਼ਕਾਮ ਸੇਵਾ ਤੇ ਸਰਬੱਤ ਦੇ ਭਲੇ ਦੇ ਸੁਨੇਹੇ ਉੱਤੇ ਕੰਮ ਕਰਕੇ ਮਨੁੱਖਤਾ ਦੀ ਸੇਵਾ ਹੀ ਕਰ ਰਿਹਾ ਹੈ। ...ਬਾਕੀ ਪੰਨਾ 3 'ਤੇ

## ਕੋਵਿਡ-19 ਦੇ ਨਵੇਂ ਵੇਰੀਐਂਟ ਓਮਾਈਕ੍ਰੌਨ ਦੇ ਓਨਟਾਰੀਓ ਵਿੱਚ ਮਿਲੇ ਦੋ ਮਾਮਲੇ



ਟੋਰਾਂਟੋ, 28 ਨਵੰਬਰ (ਪੋਸਟ ਬਿਊਰੋ) : ਨਾਈਜੀਰੀਆ ਦਾ ਟਰਿੱਪ ਕਰਕੇ ਪਰਤੇ ਓਟਵਾ ਦੇ ਦੋ ਵਿਅਕਤੀ ਪਿੱਛੇ ਜਿਹੇ ਮਿਲੇ ਕੋਵਿਡ-19 ਦੇ ਨਵੇਂ ਵੇਰੀਐਂਟ ਓਮਾਈਕ੍ਰੌਨ ਨਾਲ ਪਾਜ਼ੀਟਿਵ ਪਾਏ ਗਏ ਹਨ। ਇਸ ਵੇਰੀਐਂਟ ਦੇ ਸੱਭ ਤੋਂ ਪਹਿਲੇ ਮਾਮਲੇ ਦੱਖਣੀ ਅਫਰੀਕਾ ਵਿੱਚ ਪਾਏ ਗਏ। ਇਹ ਜਾਣਕਾਰੀ ਓਨਟਾਰੀਓ ਹੈਲਥ ਅਧਿਕਾਰੀਆਂ ਵੱਲੋਂ ਐਤਵਾਰ ਨੂੰ ਦਿੱਤੀ ਗਈ।

ਓਨਟਾਰੀਓ ਦੀ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ·ਕੀਰਨ ਮੂਰ ਨੇ ਇੱਕ ਸਾਂਝੇ ਬਿਆਨ ਵਿੱਚ ਆਖਿਆ ਕਿ ਦੋਵਾਂ ਮਰੀਜ਼ਾਂ ਨੂੰ ਆਈਸੋਲੇਸ਼ਨ ਵਿੱਚ ਰੱਖਿਆ ਗਿਆ ਹੈ ਤੇ ਓਟਵਾ ਪਬਲਿਕ ਹੈਲਥ ਵੱਲੋਂ ਇਨ੍ਹਾਂ ਦੋਵਾਂ ਦੇ ਸੰਪਰਕ ਵਿੱਚ ਆਉਣ ਵਾਲੇ ਹੋਰਨਾਂ ਲੋਕਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਿਊਐਚਓ) ਅਨੁਸਾਰ ਓਮਾਈਕ੍ਰੌਨ ਵੇਰੀਐਂਟ ਦੀਆਂ ਮਿਊਟੇਸ਼ਨਜ਼ ਚਿੰਤਾਜਨਕ ਹਨ। ਸ਼ੁਰੂਆਤੀ ਜਾਂਚ ਤੋਂ ਸਾਹ-ਮਣੇ ਆਇਆ ਹੈ ਕਿ ਹੋਰਨਾਂ ਵੇਰੀਐਂਟਸ ਦੇ ਮੁਕਾਬਲੇ ਇਸ ਵੇਰੀਐਂਟ ਨਾਲ ਮੁੜ ਇਨਫੈਕਸ਼ਨ ਹੋਣ ਦਾ ਖਤਰਾ ਜ਼ਿਆਦਾ ਹੈ।

ਇਸ ਨਵੇਂ ਵੇਰੀਐਂਟ ਦੇ ਸਾਹਮਣੇ ਆਉਣ ਤੋਂ ਬਾਅਦ ਕੈਨੇਡਾ ਸਮੇਤ ਕਈ ਦੇਸ਼ਾਂ ਨੇ ਦੱਖਣੀ ਅਫਰੀਕੀ ਮੁਲਕਾਂ ਲਈ ਟਰੈਵਲ ਸਬੰਧੀ ਪਾਬੰਦੀਆਂ ਲਾ ਦਿੱਤੀਆਂ ਸਨ। ਪਰ ਕੈਨੇਡਾ ਦੇ ਟਰੈਵਲ ਬੈਨ ਵਿੱਚ ਨਾਈਜੀਰੀਆ ਸ਼ਾਮਲ ਨਹੀਂ ਸੀ। ਫੈਡਰਲ ਸਿਹਤ ਮੰਤਰੀ ਜੀਨ-ਯਵੇਸ ਡਕਲਸ ਨੇ ਆਖਿਆ ਕਿ ਇਨ੍ਹਾਂ ਦੋ ਮਾਮਲਿਆਂ ਦੇ ਸਾਹਮਣੇ ਆਉਣ ਤੋਂ ਬਾਅਦ ਇਹ ਸਿੱਧ ਹੁੰਦਾ ਹੈ ਕਿ ਸਾਡਾ ਮਾਨੀਟਰਿੰਗ ਸਿਸਟਮ ਕੰਮ ਕਰ ਰਿਹਾ ਹੈ।

## ਨਵੇਂ ਕੋਵਿਡ-19 ਵੇਰੀਐਂਟ ਵਾਲੇ ਦੇਸ਼ਾਂ ਤੋਂ ਆਉਣ ਵਾਲੀਆਂ ਫਲਾਈਟਸ ਉੱਤੇ ਫੋਰਡ ਨੇ ਰੋਕ ਲਾਉਣ ਦੀ ਕੀਤੀ ਮੰਗ



ਟੋਰਾਂਟੋ, 28 ਨਵੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ ਓਟਵਾ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਉਹ ਅਜਿਹੇ ਸਾਰੇ ਦੇਸ਼ਾਂ ਤੋਂ ਉਡਾਨਾਂ ਬੰਦ ਕਰ ਦੇਣ ਤੇ ਉਨ੍ਹਾਂ ਦੇਸ਼ਾਂ, ਜਿਵੇਂ ਕਿ ਅਫਰੀਕਾ, ਤੋਂ ਯਾਤਰੀਆਂ ਦੇ ਆਉਣ ਉੱਤੇ ਵੀ ਬੈਨ ਲਾ ਦੇਣ ਜਿੱਥੇ ਕੋਵਿਡ-19 ਦਾ ਨਵਾਂ ਵੇਰੀਐਂਟ ਮਿਲਿਆ ਹੈ।

ਸ਼ੁੱਕਰਵਾਰ ਨੂੰ ਫੋਰਡ ਨੇ ਇਹ ਬਿਆਨ ਦੱਖਣੀ ਅਫਰੀਕਾ, ਬੋਤਸਵਾਨਾ ਤੇ ਹਾਂਗ ਕਾਂਗ ਵਿੱਚ ਕੋਵਿਡ-19 ਦੇ ਮਿਲੇ ਨਵੇਂ ਵੇਰੀਐਂਟ ਬੀ·1·1·529 ਦੇ ਸਬੰਧ ਵਿੱਚ ਦਿੱਤਾ। ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ· ਕੀਰਨ ਮੂਰ ਨੇ ਕਈ ਦੇਸ਼ਾਂ ਵਿੱਚ ਮਿਲੇ ਇਸ ਨਵੇਂ ਵੇਰੀਐਂਟ ਬਾਰੇ ਦੱਸਿਆ ਤੇ ਨਾਲੇ ਇਹ ਵੀ ਆਖਿਆ ਕਿ ਇਹ ਵੀ ਪਤਾ ਲੱਗਿਆ ਹੈ ਕਿ ਇਸ ਵੇਰੀਐਂਟ ਉੱਤੇ ਕਿਸੇ ਵੈਕਸੀਨ ਦਾ ਅਸਰ ਵੀ ਨਹੀਂ ਹੁੰਦਾ। ਉਨ੍ਹਾਂ ਆਖਿਆ ਕਿ ਇਸ ਤੋਂ ਫੌਰਨ ਬਾਅਦ ਹੀ ਉਨ੍ਹਾਂ ਫੈਡਰਲ ਸਰਕਾਰ ਨਾਲ ਇਸ ਸਬੰਧ ਵਿੱਚ ਗੱਲ ਕੀਤੀ ਤੇ ਇਸ ਬਾਰੇ ਫੌਰੀ ਕਾਰਵਾਈ ਦੀ ਮੰਗ ਵੀ ਕੀਤੀ।

ਉਨ੍ਹਾਂ ਇਹ ਵੀ ਆਖਿਆ ਕਿ ਇਸ ਤਰ੍ਹਾਂ ਦੀ ਪਾਬੰਦੀ ਤੋਂ ਪਹਿਲਾਂ ਪਹੁੰਚਣ ਵਾਲੇ ਲੋਕਾਂ ਨੂੰ ਟੈਸਟ ਕੀਤਾ ਜਾਣਾ ਤੇ ਕੁਆਰਨਟੀਨ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਪਹੁੰਚਣ ਵਾਲੇ ਸਾਰੇ ਪੈਸੈਂਜਰਜ਼ ਦੇ ਪੁਆਇੰਟ ਆਫ ਐਰਾਈਵਲ ਉੱਤੇ ਮੁੜ ਟੈਸਟਿੰਗ ਸ਼ੁਰੂ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਅਸੀਂ ਐਲਫਾ ਤੇ ਡੈਲਟਾ ਵਾਲੇ ਵੇਰੀਐਂਟਸ ਵਾਲੀਆਂ ਗਲਤੀਆਂ ਦੁਹਰਾਅ ਨਹੀਂ ਸਕਦੇ।

## ਜੋਲੀ ਵੱਲੋਂ ਕੈਨੇਡੀਅਨਜ਼ ਨੂੰ ਇਥੋਪੀਆ ਛੱਡਣ ਦੀ ਅਪੀਲ



ਓਟਵਾ, 28 ਨਵੰਬਰ (ਪੋਸਟ ਬਿਊਰੋ) : ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਸ਼ੁੱਕਰਵਾਰ ਨੂੰ ਕੈਨੇਡੀਅਨਜ਼ ਨੂੰ ਇਹ ਅਪੀਲ ਕੀਤੀ ਕਿ ਉਹ ਫੌਰੀ ਤੌਰ ਉੱਤੇ ਇਥੋਪੀਆ ਛੱਡਣ।

ਉਨ੍ਹਾਂ ਆਖਿਆ ਕਿ ਕੈਨੇਡਾ ਉੱਥੇ ਤੇਜ਼ੀ ਨਾਲ ਖਰਾਬ ਹੋ ਰਹੇ ਹਾਲਾਤ ਤੋਂ ਕਾਫੀ ਚਿੰਤਤ ਹਨ। ਇੱਕ ਬਿਆਨ ਜਾਰੀ ਕਰਕੇ ਜੋਲੀ ਨੇ ਆਖਿਆ ਕਿ ਐਡਿਸ ਅਬਾਬਾ ਵਿੱਚ ਕੈਨੇਡੀਅਨ ਅੰਬੈਸੀ ਨੂੰ ਖੁੱਲ੍ਹਾ ਰੱਖਿਆ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਉੱਥੋਂ ਦੇ ਪ੍ਰਧਾਨ ਮੰਤਰੀ ਐਬੀ ਅਹਿਮਦ ਦੀ ਸਰਕਾਰ ਤੇ ਟਿਗਰੇਅ ਰੀਜਨ ਦੇ ਬਾਗੀਆਂ ਦਰਮਿਆਨ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਸੰਘਰਸ਼ ਚੱਲ ਰਿਹਾ ਹੈ।

## ਕਈ ਗੱਡੀਆਂ ਦੀ ਟੱਕਰ ਵਿੱਚ ਇੱਕ ਮਹਿਲਾ ਗੰਭੀਰ ਜ਼ਖ਼ਮੀ



ਓਨਟਾਰੀਓ, 28 ਨਵੰਬਰ (ਪੋਸਟ ਬਿਊਰੋ) : ਐਲਗਿਨ ਮਿੱਲਜ਼ ਦੇ ਉੱਤਰ ਵੱਲ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਕਾਰਨ ਹਾਈਵੇਅ 404 ਦਾ ਵੱਡਾ ਹਿੱਸਾ ਬੰਦ ਕਰ ਦਿੱਤਾ ਗਿਆ। ਯੌਰਕ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਘੱਟੋ ਘੱਟ ਤਿੰਨ ਹਾਦਸਿਆਂ ਦੀ ਜਾਂਚ ਕਰ ਰਹੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਉਹ ਮਦਦ ਕਰ ਰਹੇ ਹਨ। ਇਸ ਹਾਦਸੇ ਵਿੱਚ ਇੱਕ 27 ਸਾਲਾ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਇੱਕ ਟੋਅ ਟਰੱਕ ਹਾਈਵੇਅ 404 ਤੇ 19ਥ ਐਵਨਿਊ ਦੇ ਮੋੜ ਉੱਤੇ ਖੜ੍ਹਾ ਸੀ ਜਦੋਂ ਇਹ ਹਾਦਸਾ ਵਾਪਰਿਆ। ਦੂਜੀ ਗੱਡੀ ਆਪਣਾ ਨਿਯੰਤਰਣ ਗੁਆ ਬੈਠੀ ਤੇ ਟੋਅ ਟਰੱਕ ਨਾਲ ਜਾ ਟਕਰਾਈ। ਓਪੀਪੀ ਹਾਈਵੇਅ ਸੇਫਟੀ ਡਵੀਜ਼ਨ ਨੇ ਟਵਿੱਟਰ ਉੱਤੇ ਦੱਸਿਆ ਕਿ ਬਰਫਬਾਰੀ ਕਾਰਨ ਸੜਕਾਂ ਉੱਤੇ ਬਹੁਤ ਹੀ ਘੱਟ ਵਿਜ਼ੀਬਿਲਿਟੀ ਸੀ। ਪੈਰਾਮੈਡਿਕਸ ਨੇ ਦੱਸਿਆ ਕਿ ਐਤਵਾਰ ਸਵੇਰੇ 10:00 ਵਜੇ ਉਨ੍ਹਾਂ ਨੂੰ ਇੱਕ ਗੰਭੀਰ ਹਾਦਸੇ ਬਾਰੇ ਜਾਣਕਾਰੀ ਮਿਲੀ। ਮੌਕੇ ਉੱਤੇ ਦੋ ਵਿਅਕਤੀਆਂ ਦੀ ਜਾਂਚ ਕੀਤੀ ਗਈ ਪਰ ਇੱਕ ਨੇ ਹਸਪਤਾਲ ਜਾਣ ਤੋਂ ਇਨਕਾਰ ਕਰ ਦਿੱਤਾ।

ਇਸ ਦੌਰਾਨ ਯੌਰਕ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਰਿਚਮੰਡ ਹਿੱਲ ਉੱਤੇ ਤਿੰਨ ਗੱਡੀਆਂ ਆਪਸ ਵਿੱਚ ਟਕਰਾਅ ਗਈਆਂ। ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਯੰਗ ਸਟਰੀਟ ਦੇ ਪੂਰਬ ਵੱਲ ਸਟਫਵਿਲ ਰੋਡ ਉੱਤੇ ਦੁਪਹਿਰੇ 1:00 ਵਜੇ ਇਹ ਹਾਦਸਾ ਵਾਪਰਿਆ। ਦੋ ਵਿਅਕਤੀ ਗੱਡੀ ਦੇ ਅੰਦਰ ਹੀ ਫਸ ਗਏ ਤੇ ਪੈਰਾਮੈਡਿਕਸ ਅਨੁਸਾਰ ਇੱਕ ਵਿਅਕਤੀ ਬੇਹੋਸ਼ ਹੋ ਗਿਆ। ਇਸ ਤੋਂ ਬਾਅਦ ਸਟਫਵਿਲ ਰੋਡ ਨੂੰ ਯੰਗ ਸਟਰੀਟ ਤੇ ਬੇਅਵਿਊ ਕੋਲੋਂ ਜਾਂਚ ਲਈ ਬੰਦ ਕਰ ਦਿੱਤਾ ਗਿਆ।


Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕਾਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL (Government Approved Licensed Technician)
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE MART
INSURANCE COMPANY
Life Insurance
Critical Illness
Disability
Super Visa
Home and Auto Insurance
Gurdip Gill
(647)767-6665
gurdipgill1@hotmail.ca

Dubai Jewellers
2700 Northpark Drive
Unit #19, Brampton
Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal Qualified Credit Counsellor
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

## ਸੀਜੇਐਮਆਰ 1320 ਏਐਮ ਰੇਡੀਓ ਨੇ ਰੇਡੀਓਥੋਨ ਰਾਹੀਂ ਸੇਵਾ ਫੂਡ ਬੈਂਕ ਲਈ ਜੁਟਾਏ 300,000 ਡਾਲਰ ਤੇ 120,000 ਪਾਊਂਡ ਫੂਡ

...ਪੰਨਾ 1 ਦਾ ਬਾਕੀ

ਸੀਜੇਐਮਆਰ ਦੇ ਰੇਡੀਓ ਹੋਸਟਸ ਦੋ ਦਿਨਾਂ ਤੱਕ ਵੀਹ ਘੰਟੇ ਤੋਂ ਵੱਧ ਸਮੇਂ ਲਈ ਆਨ ਏਅਰ ਰਹੇ ਤੇ ਉਨ੍ਹਾਂ ਡੋਨਰਜ਼ ਤੋਂ ਸੇਵਾ ਫੂਡ ਬੈਂਕ ਲਈ ਡੋਨੇਸ਼ਨਜ਼ ਲਈ ਆਏ ਸੱਤ ਸੌ ਕਾਲਜ਼ ਅਟੈਂਡ ਕੀਤੇ। ਪੀਲ ਭਰ ਵਿੱਚ ਰੀਜਨ ਪੱਧਰੀ ਫੂਡ ਡਰਾਈਵ ਦਾ ਪ੍ਰਬੰਧ ਵੀ ਕੀਤਾ ਗਿਆ। ਇਸ ਦੌਰਾਨ ਦੋ ਸੌ ਵਾਲੰਟੀਅਰਜ਼ ਨੇ 14 ਸਾਊਥ ਏਸ਼ੀਅਨ ਗਰੌਸਰੀ ਸਟੋਰਜ਼ ਤੋਂ ਪੌਸ਼ਟਿਕ ਖਾਣਾ ਇੱਕਠਾ ਕੀਤਾ।

ਸੀਜੇਐਮਆਰ 1320 ਦੇ ਪ੍ਰੈਜ਼ੀਡੈਂਟ ਮੈਟ ਕੇਨ ਨੇ ਆਖਿਆ ਕਿ ਉਨ੍ਹਾਂ ਦੀ ਇਸ ਕੋਸ਼ਿਸ਼ ਸਦਕਾ 24 ਘੰਟਿਆਂ ਦੇ ਅੰਦਰ ਅੰਦਰ ਸੇਵਾ ਫੂਡ ਬੈਂਕ ਦਾ ਵੇਅਰਹਾਊਸ ਖਾਲੀ ਤੋਂ ਭਰ ਗਿਆ। ਸੇਵਾ ਫੂਡ ਬੈਂਕ ਆਰਗੇਨਾਈਜ਼ਰ ਸਰਬਜੋਤ ਕੌਰ (ਜੋਤੀ) ਬੇਦੀ ਨੇ ਆਖਿਆ ਕਿ ਇਸ ਨਾਲ ਸਾਡੇ ਪਰਿਵਾਰਾਂ ਤੇ ਕਮਿਊਨਿਟੀ ਉੱਤੇ ਸਕਾਰਾਤਮਕ ਪ੍ਰਭਾਵ ਪਵੇਗਾ। ਉਨ੍ਹਾਂ ਇਸ ਫੂਡ ਡਰਾਈਵ ਵਿੱਚ ਯੋਗਦਾਨ ਪਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ।

## ਘਰ ਦੇ ਡਰਾਈਵ-ਵੇਅ ਵਿੱਚ ਗੋਲੀ ਲੱਗਣ ਕਾਰਨ ਮ੍ਰਿਤਕ ਪਿਆ ਮਿਲਿਆ ਇੱਕ ਵਿਅਕਤੀ



ਸਕਾਰਬਰੋ, 28 ਨਵੰਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਰਾਤ ਸਮੇਂ ਵਾਪਰੀ ਘਟਨਾ ਵਿੱਚ ਇੱਕ ਵਿਅਕਤੀ ਨੂੰ ਇੱਕ ਘਰ ਦੇ ਡਰਾਈਵ-ਵੇਅ ਵਿੱਚ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਸ਼ੁੱਕਰਵਾਰ ਨੂੰ ਸਵੇਰੇ 2:30 ਤੋਂ ਪਹਿਲਾਂ ਐਮਰਜੰਸੀ ਅਮਲੇ ਨੂੰ ਸ਼ੈਪਰਡ ਐਵਨਿਊ ਈਸਟ ਤੇ ਮੈਡੋਵਾਲ ਰੋਡ ਨੇੜੇ ਬਲੈਕਟੌਫਟ ਡਰਾਈਵ ਉੱਤੇ ਸਥਿਤ ਇੱਕ ਘਰ ਵਿੱਚ ਸੱਦਿਆ ਗਿਆ। ਐਮਰਜੰਸੀ ਅਮਲੇ ਨੂੰ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਘਰ ਦੇ ਡਰਾਈਵ-ਵੇਅ ਵਿੱਚ ਬਿਨਾਂ ਸਾਹ ਸਤ ਦੇ ਪਿਆ ਮਿਲਿਆ। ਉਸ ਦੇ ਸਿਰ ਵਿੱਚ ਗੋਲੀ ਲੱਗੀ ਹੋਈ ਸੀ।

ਇੱਕ ਮਹਿਲਾ, ਜਿਹੜੀ ਘਰ ਵਿੱਚ ਆਪਣੀ ਮਾਂ, ਭਰਾ ਤੇ ਗ੍ਰੈਂਡਫਾਦਰ ਨਾਲ ਰਹਿੰਦੀ ਸੀ, ਨੇ ਦੱਸਿਆ ਕਿ ਉਸ ਦਾ ਭਰਾ ਘਰ ਦੀ ਡਰਾਈਵ-ਵੇਅ ਵਿੱਚ ਆਪਣੇ ਦੋਸਤਾਂ ਨਾਲ ਖੜ੍ਹਿਆ ਸੀ ਜਦੋਂ ਜ਼ੋਰਦਾਰ ਧਮਾਕਾ ਹੋਇਆ। ਉਸ ਨੇ ਦੱਸਿਆ ਕਿ ਉਹ ਭੱਜ ਕੇ ਹੇਠਲੀ ਮੰਜ਼ਿਲ ਉੱਤੇ ਗਈ ਤੇ ਉਸ ਨੇ ਦੇਖਿਆ ਕਿ ਇੱਕ ਵਿਅਕਤੀ ਡਰਾਈਵ-ਵੇਅ ਵਿੱਚ ਡਿੱਗਿਆ ਪਿਆ ਸੀ ਪਰ ਉਹ ਉਸ ਦਾ ਭਰਾ ਨਹੀਂ ਸੀ।

ਕਿਸੇ ਮਸ਼ਕੂਕ ਬਾਰੇ ਵੀ ਪੁਲਿਸ ਵੱਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

## ਕੋਰੋਨਾ ਦੇ ਓਮੀਕਰੋਨ ਮਿਊਟੈਂਟ ਨਾਲ ਦੁਨੀਆਂ ਭਰ ਵਿੱਚ ਖੌਫ, ਭਾਰਤ ਨੇ ਚੌਕਸੀ ਵਧਾਈ




ਨਵੀਂ ਦਿੱਲੀ, 28 ਨਵੰਬਰ, (ਪੋਸਟ ਬਿਊਰੋ)- ਬਿਜਲੀ ਦੀ ਰਫਤਾਰ ਨਾਲ ਫੈਲਣ ਵਾਲੇ ਕੋਰੋਨਾ ਵਾਇਰਸ ਦੇ ਨਵੇਂ ਰੂਪ ਓਮੀਕਰੋਨ ਨੇ ਪੂਰੀ ਦੁਨੀਆ ਨੂੰ ਚਿੰਤਾ ਵਿਚ ਪਾ ਦਿੱਤਾ ਹੈ।ਏਸੇ ਕਾਰਨ ਬਹੁਤ ਸਾਰੇ ਦੇਸ਼ਾਂ ਨੇ ਦੱਖਣੀ ਅਫਰੀਕਾ ਵਾਸਤੇ ਹਰ ਤਰ੍ਹਾਂ ਦੀ ਯਾਤਰਾ ਨੂੰ ਤੁਰੰਤ ਸਸਪੈਂਡ ਕਰਨਾ ਸ਼ੁਰੂ ਕਰਦਿੱਤਾ ਹੈ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਯੂ ਐੱਚ ਓ) ਨੇ ਚੇਤਾਵਨੀ ਦਿੱਤੀ ਹੈ ਕਿ ਕੋਰੋਨਾ ਵਾਇਰਸ ਦੇ ਹੋਰਨਾਂ ਸਾਰੇ ਵੇਰੀਐਂਟਸ ਨਾਲੋਂ 'ਓਮਾਈਕਰੋਨ' ਵੱਧ ਤੇਜ਼ੀ ਨਾਲ ਫੈਲ ਸਕਦਾ ਹੈ ਅਤੇ ਦੁਬਾਰਾ ਇਨਫੈਕਸ਼ਨ ਦਾ ਕਾਰਨ ਵੀ ਬਣ ਸਕਦਾ ਹੈ, ਜਿਸ ਪਿੱਛੋਂ ਸਾਵਧਾਨੀ ਵਜੋਂ ਹਰ ਥਾਂ ਕਈ ਉਪਾਅ ਕੀਤੇ ਜਾਣ ਲੱਗੇ ਸਨ। ਵਿਗਿਆਨੀਆਂ ਦਾ ਕਹਿਣਾ ਹੈ ਕਿ 'ਓਮੀਕਰੋਨ' ਮਿਊਟੈਂਟ ਅਸਲ ਵਿੱਚ ਕੋਰੋਨਾ ਵਾਇਰਸ ਦੀਆਂ ਕਈ ਤਬਦੀਲੀਆਂ ਹੋਣ ਦਾ ਨਤੀਜਾ ਹੈ। ਕੋਵਿਡ ਦੇ ਵਧੇਰੇ ਇਨਫੈਕਸ਼ਨ ਵਾਲੇ ਰੂਪ ਬੀ.1.1.1.529 ਬਾਰੇ ਸਭ ਤੋਂ ਪਹਿਲਾਂ ਦੱਖਣੀ ਅਫਰੀਕਾ ਨੇ 24 ਨਵੰਬਰ ਨੂੰ ਡਬਲਯੂ ਐੱਚ ਓ ਨੂੰ ਦੱਸਿਆ ਸੀ। ਫਿਰ ਬੋਤਸਵਾਨਾ, ਬੈਲਜੀਅਮ, ਹਾਂਗਕਾਂਗ, ਇਜ਼ਰਾਈਲ ਤੇ ਬ੍ਰਿਟੇਨ ਵਿਚ ਇਸ ਦੀ ਪਛਾਣ ਹੋਈ ਹੈ।

ਕੋਰੋਨਾ ਵਾਇਰਸ ਜਾਂ ਕੋਵਿਡ-19 ਦੇ ਓਮੀਕਰੋਨ ਵਾਲੇ ਨਵੇਂ ਮਿਊਟੈਂਟ ਦੇ ਕਾਰਨ ਭਾਰਤ ਦੇ ਕਈ ਰਾਜਾਂ ਨੇ ਵੀ ਦੱਖਣੀ ਅਫਰੀਕਾ ਤੋਂ ਆਉਣ ਵਾਲੇ ਮੁਸਾਫਰਾਂ ਲਈ ਕੁਆਰੰਟੀਨ ਨਿਯਮ ਫਿਰਲਾਗੂ ਕਰ ਦਿੱਤੇ ਹਨ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਬੀਤੇ ਸ਼ੁੱਕਰਵਾਰ ਨੂੰਕਿਹਾ ਸੀ ਕਿ ਕੋਰੋਨਾ ਵਾਇਰਸ ਕਾਰਨ ਪਿਛਲੇ 20 ਮਹੀਨਿਆਂ ਤੋਂ ਸਸਪੈਂਡ ਕੀਤੀਆਂ ਅੰਤਰਰਾਸ਼ਟਰੀ ਉਡਾਣਾਂ 15 ਦਸੰਬਰ ਤੋਂ ਫਿਰ ਸ਼ੁਰੂ ਹੋਣਗੀਆਂ। ਕੇਂਦਰੀ ਸਿਹਤ ਮੰਤਰਾਲੇ ਨੇ 'ਰਿਸਕ'ਵਾਲੇਮੰਨੇ ਜਾਂਦੇ ਦੇਸ਼ਾਂ ਨੂੰ ਉਨ੍ਹਾਂ ਦੀਆਂ ਪ੍ਰੀ-ਕੋਵਿਡ ਸ਼ਡਿਊਲਡ ਫਲਾਈਟਾਂ ਦਾ ਕੁਝ ਹਿੱਸਾ ਚਲਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ।ਇਸ ਬੀਮਾਰੀ ਦਾ ਨਵਾਂ ਰੂਪ ਸਾਹਮਣੇ ਆਉਣ ਪਿੱਛੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚਿੰਤਾ ਜ਼ਾਹਰਕੀਤੀ ਅਤੇਸਾਰੇ ਸੰਬੰਧਤ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਉਡਾਣਾਂ ਉੱਤੇ ਲਾਈ ਪਾਬੰਦੀ ਹਟਾਉਣ ਦੀ ਯੋਜਨਾ ਬਾਰੇ ਮੁੜ ਵਿਚਾਰ ਕਰਨ।ਇਸ ਦੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਾਂ ਨੂੰ ਹੋਰ ਚੌਕਸੀ ਰੱਖਣ ਲਈ ਕਿਹਾ ਤੇ ਅਧਿਕਾਰੀਆਂ ਨੂੰ ਵੀ ਹਰ ਪੱਧਰ ਉੱਤੇ ਚੌਕਸੀ ਵਧਾਉਣ ਦੀਆਂ ਹਦਾਇਤਾਂ ਕੀਤੀਆਂ ਹਨ।

# ਮਨੀਸ਼ ਸਿਸੋਦੀਆ ਨੇ ਪਰਗਟ ਸਿੰਘ ਦੇ ਨਾਲ ਸਿੱਧੀ ਬਹਿਸ ਦੀ ਚੁਣੌਤੀ ਪ੍ਰਵਾਨ ਕੀਤੀ

### *ਦਿੱਲੀ ਦੇ 250 ਸਕੂਲਾਂ ਦੀ ਲਿਸਟ ਪੇਸ਼, ਪੰਜਾਬ ਦੀ ਲਿਸਟ ਮੰਗੀ



ਚੰਡੀਗੜ੍ਹ, 28 ਨਵੰਬਰ, (ਪੋਸਟ ਬਿਊਰੋ)- ਬੱਚਿਆਂ ਦੀ ਪੜ੍ਹਾਈ ਦੇ ਮਾਡਲ ਬਾਰੇ ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਪੰਜਾਬ ਦੇ ਸਿੱਖਿਆ ਮੰਤਰੀ ਪਰਗਟ ਸਿੰਘ ਦਾਭੇੜ ਕਾਫ਼ੀ ਅੱਗੇ ਵਧ ਗਿਆ ਹੈ। ਦੋਵਾਂ ਜਣਿਆਂ ਨੇ ਇਕ-ਦੂਸਰੇ ਨੂੰ ਟਵਿੱਟਰ ਰਾਹੀਂ ਚੁਣੌਤੀਆਂ ਦਿੱਤੀਆਂ ਸਨ ਅਤੇ ਪਰਗਟ ਸਿੰਘ ਦੀ ਚੁਣੌਤੀ ਪ੍ਰਵਾਨ ਕਰ ਕੇਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦਿੱਲੀ ਦੇ 250 ਸਕੂਲਾਂ ਦੀ ਲਿਸਟ ਟਵਿੱਟਰ ਰਾਹੀਂ ਜਾਰੀ ਕਰਨ ਪਿੱਛੋਂ ਪਰਗਟ ਸਿੰਘ ਨੂੰ ਏਸੇ ਤਰ੍ਹਾਂ ਪੰਜਾਬ ਦੀ ਲਿਸਟ ਜਾਰੀ ਕਰਨ ਦੀ ਚੁਣੌਤੀ ਦਿੱਤੀ ਹੈ।ਮਨੀਸ਼ ਸਿਸੋਦੀਆ ਲਿਖਿਆ ਹੈ ਕਿ ਦਿੱਲੀ ਸਰਕਾਰ ਨੇ ਪਿਛਲੇ 5 ਸਾਲਾਂ ਵਿੱਚਸਾਰੇ ਸਕੂਲਾਂ ਵਿੱਚ ਉਹ ਸਭ ਸਹੂਲਤਾਂ ਦੇ ਦਿੱਤੀਆਂ ਹਨ, ਜਿਹੜੀਆਂ ਕਿਸੇ ਵੀ ਕੋਲ ਦਿਲੋਂ ਪੜ੍ਹਾਉਣ ਲਈ ਚਾਹੀਦੀਆਂ ਹਨ ਅਤੇਦਿੱਲੀ ਦਾ ਹਰ ਬੱਚਾ ਸਵੈ-ਸਨਮਾਨ ਨਾਲ ਸਕੂਲ ਜਾ ਸਕਦਾ ਹੈ।ਉਨ੍ਹਾ ਕਿਹਾ ਕਿ ਤੁਸੀਂ 250 ਸਕੂਲਾਂ ਦੀ ਗੱਲ ਕੀਤੀ ਹੈ, ਮੈਂ ਸਿਰਫ 250 ਸਕੂਲਾਂ ਦੀ ਲਿਸਟ ਜਾਰੀ ਕਰ ਰਿਹਾ ਹਾਂ।

ਵਰਨਣਯੋਗ ਹੈ ਕਿ ਸਿੱਖਿਆ ਦੇ ਪੱਧਰ ਬਾਰੇ ਪੰਜਾਬ ਤੇ ਦਿੱਲੀ ਦੇ ਮੰਤਰੀਆਂ ਦਾ ਘਮਾਸਾਨ ਚੱਲ ਰਿਹਾ ਹੈ। ਇਸ ਦੌਰਾਨ ਪੰਜਾਬ ਦੇ ਸਿੱਖਿਆ ਮੰਤਰੀ ਪਰਗਟ ਸਿੰਘ ਨੇਦਿੱਲੀ ਦੇ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਦੀ ਚੁਣੌਤੀ ਪ੍ਰਵਾਨ ਕਰ ਕੇ ਉਨ੍ਹਾਂ ਨੂੰ ਖੁੱਲ੍ਹੀ ਬਹਿਸ ਲਈ ਸੱਦਾ ਦਿੱਤਾ ਸੀ।ਅੱਗੋਂ ਦਿੱਲੀ ਦੇ ਉੱਪ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਨੇ ਪੰਜਾਬ ਦੇ ਸਿੱਖਿਆ ਮੰਤਰੀ ਪਰਗਟ ਸਿੰਘ ਦੀ ਚੁਣੌਤੀ ਸਵੀਕਾਰ ਕਰਦਿਆਂ ਦਿੱਲੀਅਤੇ ਪੰਜਾਬ ਦੇ 250 ਸਕੂਲਾਂ ਵਿੱਚ ਕੀਤੇ ਗਏ ਸਿੱਖਿਆ ਸੁਧਾਰਾਂ ਉੱਤੇਸਿੱਧੀ ਬਹਿਸ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਪਿੱਛੋਂ ਪਰਗਟ ਸਿੰਘ ਨੂੰ ਪੰਜਾਬ ਦੇ ਇਹੋ ਜਿਹੇ ਸਕੂਲਾਂ ਦੀ ਲਿਸਟ ਜਾਰੀ ਕਰਨ ਦੀ ਜਵਾਬੀ ਚੁਣੌਤੀ ਦੇ ਦਿੱਤੀ ਹੈ।

# ਪੰਜਾਬ ਕਾਂਗਰਸ ਵਿੱਚ ਕਲੇਸ਼ ਵਧਿਆ: ਨਵਜੋਤ ਸਿੱਧੂ ਨੇ ਫਿਰ ਚੰਨੀ ਸਰਕਾਰ ਅਤੇ ਸੁਖਜਿੰਦਰ ਰੰਧਾਵਾ ਵਿਰੁੱਧ ਹੱਲਾ ਬੋਲਿਆ

### * ਤ੍ਰਿਪਤ ਬਾਜਵਾ ਨੇ ਅਸ਼ਵਨੀ ਸੇਖੜੀ ਨੂੰ ਚੈਲਿੰਜ ਕਰ ਦਿੱਤਾ



ਚੰਡੀਗੜ੍ਹ, 28 ਨਵੰਬਰ, (ਪੋਸਟ ਬਿਊਰੋ)- ਨਸ਼ੀਲੇ ਪਦਾਰਥਾਂ ਦੇ ਕੇਸ ਵਿੱਚ ਆਪਣੀ ਹੀ ਪਾਰਟੀ ਅਤੇ ਖੁਦ ਆਪ ਅੱਗੇ ਲੱਗ ਕੇ ਬਣਾਈ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਖਿਲਾਫ ਲਗਾਤਾਰ ਖੁੱਲ੍ਹ ਕੇ ਬੋਲ ਰਹੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੱਜ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਉੱਤੇ ਹਮਲਾ ਬੋਲਿਆ ਤੇ ਕਿ ਡਰੱਗ ਕੇਸ ਵਿਚ ਹਾਈਕੋਰਟ ਵਿੱਚ ਅਪੀਲ ਦਾ ਕੀ ਅਰਥ ਹੈ, ਕੋਰਟ ਨੇ ਪਹਿਲਾਂ ਹੀ ਉਨ੍ਹਾਂ ਨੂੰ ਹੁਕਮ ਦੇ ਰੱਖੇ ਹਨ ਕਿ ਰਿਪੋਰਟ ਖੋਲ੍ਹ ਕੇ ਕਾਰਵਾਈ ਕਰੋ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਜੇ ਰਿਪੋਰਟ ਵਿੱਚ ਕੁਝ ਨਹੀਂ ਤਾਂ ਫਿਰ ਕੈਪਟਨ ਅਮਰਿੰਦਰ ਸਿੰਘ ਨੂੰ ਜ਼ਿੰਮੇਵਾਰ ਬਣਾਓ ਅਤੇ ਜੇ ਕੁਝ ਹੈ ਤਾਂ ਉਸ ਉੱਤੇ ਕਾਰਵਾਈ ਕਰੋ।

ਨਵਜੋਤ ਸਿੰਘ ਸਿੱਧੂ ਦੀ ਇਹ ਪ੍ਰਤੀਕਿਰਿਆ ਸੁਖਜਿੰਦਰ ਸਿੰਘ ਰੰਧਾਵਾ ਦੇ ਉਸ ਬਿਆਨ ਉੱਤੇ ਆਈ ਹੈ, ਜਿਸ ਵਿੱਚ ਰੰਧਾਵਾ ਨੇ ਕਿਹਾ ਸੀ ਕਿ ਅਸੀਂ ਇਕ ਪੈਨਲ ਬਣਾ ਰਹੇ ਹਾਂ, ਜਿਹੜਾ ਡਰੱਗ ਕੇਸ ਦੀ ਜਾਂਚ ਵਿਚ ਦੇਰੀ ਕਰਨ ਵਾਲੇ ਅਫਸਰਾਂ ਦੀ ਜ਼ਿੰਮੇਵਾਰੀ ਫਿਕਸ ਕਰੇਗਾ। ਇਸ ਦੇ ਨਾਲ ਉਹ ਸੀਲਬੰਦ ਰਿਪੋਰਟ ਖੋਲ੍ਹਣ ਲਈ ਹਾਈ ਕੋਰਟ ਵਿਚ ਵੀ 6 ਦਸੰਬਰ ਨੂੰ ਫਿਰ ਮੰਗ ਕਰਾਉਣਗੇ। ਡਿਪਟੀ ਮੁੱਖ ਮੰਤਰੀ ਵੱਲੋਂ ਬਣਾਈ ਨਵੀਂ ਕਮੇਟੀ ਵਿੱਚ ਪੰਜਾਬ ਦੇ ਚੀਫ ਸੈਕਟਰੀ ਅਨਿਰੁੱਧ ਤਿਵਾੜੀ, ਪ੍ਰਿੰਸੀਪਲ ਸੈਕਟਰੀ ਅਨੁਰਾਗ ਵਰਮਾ ਤੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਇਕਬਾਲਪ੍ਰੀਤ ਸਿੰਘ ਸਹੋਤਾ ਹੋਣਗੇ। ਇਸ ਪੈਨਲ ਨੂੰ 7 ਦਿਨਾਂ ਵਿੱਚ ਰਿਪੋਰਟ ਦੇਣ ਨੂੰ ਕਿਹਾ ਗਿਆ ਹੈ।

ਸੁਖਜਿੰਦਰ ਸਿੰਘ ਰੰਧਾਵਾ ਦੇ ਇਸ ਬਿਆਨ ਦੇ ਬਾਅਦ ਸੋਸ਼ਲ ਮੀਡੀਆ ਉੱਤੇ ਸਵਾਲ ਚੁੱਕਦੇ ਹੋਏ ਨਵਜੋਤ ਸਿੰਘਸਿੱਧੂ ਨੇ ਹਾਈਕੋਰਟ ਦੇ ਹੁਕਮਾਂ ਦੀ ਕਾਪੀ ਜਾਰੀ ਕਰ ਕੇ ਇਹ ਦਾਅਵਾ ਕੀਤਾ ਕਿ ਹਾਈਕੋਰਟ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਸੌਂਪੀ ਹੋਈ ਰਿਪੋਰਟ ਉੱਤੇ ਕਾਰਵਾਈ ਕਰੇ।ਸਿੱਧੂ ਨੇ ਕਿਹਾ ਕਿ ਡਰੱਗ ਕੇਸ ਵਿੱਚ ਹਾਈਕੋਰਟ ਵਿੱਚਨਵੇਂ ਸਿਰਿਉਂ ਅਪੀਲ ਕਰਨ ਦਾ ਕੀ ਅਰਥ ਹੈ, ਜਦਕਿ ਹਾਈ ਕੋਰਟ ਨੇ ਉਨ੍ਹਾਂ ਨੂੰ ਹੁਕਮ ਦਿੱਤੇ ਹਨ ਕਿ ਰਿਪੋਰਟ ਖੋਲ੍ਹ ਕੇ ਕਾਰਵਾਈ ਕਰੋ।ਇਸ ਤੋਂ ਪਹਿਲਾਂ ਨਵਜੋਤ ਸਿੰਘਸਿੱਧੂ ਨੇ ਚਿਤਾਵਨੀ ਦਿੱਤੀ ਸੀ ਕਿ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ ਦੀ ਰਿਪੋਰਟ ਖੋਲ੍ਹ ਕੇ ਕਾਰਵਾਈ ਨਾ ਕੀਤੀ ਤਾਂ ਉਹ ਮਰਨਵਰਤ ਉੱਤੇ ਬੈਠ ਜਾਣਗੇ।

ਦੂਸਰੇ ਪਾਸੇ ਪੰਜਾਬ ਕਾਂਗਰਸ ਵਿੱਚ ਕਲੇਸ਼ ਹੇਠਲੇ ਪੱਧਰ ਤੱਕ ਪਹੁੰਚਣ ਲੱਗ ਪਿਆ ਹੈ। ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਪੰਜਾਬ ਦੇ ਇੱਕ ਅਦਾਰੇ ਦੇ ਆਪਣੀ ਪਾਰਟੀ ਚੇਅਰਮੈਨ ਅਸ਼ਵਨੀ ਸੇਖੜੀ ਨੂੰ ਆਪਣੇ ਖਿਲਾਫ ਸਬੂਤ ਪੇਸ਼ ਕਰਨ ਦਾ ਚੈਲਿੰਜ ਕੀਤਾ ਹੈ। ਏਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਬਾਜਵਾ ਨੇ ਕਿਹਾ ਕਿ ਅਸ਼ਵਨੀ ਸੇਖੜੀ ਮੇਰੇ ਉੱਤੇ ਕੋਈ ਵੀ ਦੋਸ਼ਲਾਵੇ, ਪਰ ਉਸ ਦਾ ਸਬੂਤ ਦੇਵੇ, ਗੱਲਾਂ ਨਾਲ ਦੋਸ਼ ਸਾਬਤ ਨਹੀਂ ਹੋਣੇ।ਉਨ੍ਹਾਂ ਕਿਹਾ ਕਿ ਮੇਰੇਵਿਰੁੱਧ ਕੋਈ ਵੀ ਜਾਂਚ ਕਰਵਾ ਲੈਣ, ਪਰ ਪਹਿਲਾਂ ਸਬੂਤ ਦੇਣ।

## ਸਿੱਖ ਜੱਥੇ ਨਾਲ ਪਾਕਿਸਤਾਨ ਗਈ ਔਰਤ ਵੱਲੋਂ ਲਾਹੌਰ ਜਾ ਕੇ ਧਰਮ ਬਦਲੀ

### * ਪਤੀ ਨੂੰ ਤਲਾਕ ਦੇ ਕੇ ਮੁਸਲਿਮ ਪ੍ਰੇਮੀ ਨਾਲ ਨਿਕਾਹ ਕਰ ਲਿਆ

ਲਾਹੌਰ, 28 ਨਵੰਬਰ, (ਪੋਸਟ ਬਿਊਰੋ)- ਕੋਲਕਾਤਾ ਦੀ ਇਕ ਵਿਆਹੁਤਾ ਔਰਤ ਇਸ ਵਾਰੀਸਿੱਖ ਜਥੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਗਈ ਤਾਂ ਉਸ ਨੇ ਓਥੇ ਇਸਲਾਮ ਧਰਮ ਅਪਣਾ ਲਿਆ ਤੇ ਲਾਹੌਰ ਦੇ ਇਕ ਮੁਸਲਿਮ ਵਿਅਕਤੀ ਨਾਲ ਨਿਕਾਹ ਕਰ ਲਿਆ। ਇਸਲਾਮ ਧਰਮ ਅਪਣਾਉਣ ਤੇ ਮੁਹੰਮਦ ਇਮਰਾਨ ਨਾਲ ਵਿਆਹ ਕਰਨ ਦੇ ਬਾਵਜੂਦ ਮਹਿਲਾ ਪਰਮਜੀਤ ਕੌਰ ਪਾਕਿਸਤਾਨ ਵਿੱਚ ਨਹੀਂ ਰਹਿ ਸਕੀਅਤੇ ਉਸ ਨੂੰ 26 ਨਵੰਬਰ ਨੂੰ ਭਾਰਤ ਭੇਜ ਦਿੱਤਾ ਗਿਆ ਹੈ।ਉਹ ਗੂੰਗੀ ਅਤੇ ਬੋਲੀ ਦੱਸੀ ਗਈ ਹੈ।

ਇਕ ਅੰਗਰੇਜ਼ੀ ਵੈੱਬਸਾਈਟ ਦੀ ਖ਼ਬਰ ਅਨੁਸਾਰ ਪਰਮਜੀਤ ਕੌਰ ਸੋਸ਼ਲ ਮੀਡੀਆਤੋਂ ਮੁਹੰਮਦ ਇਮਰਾਨ ਨਾਲ ਸੰਪਰਕ ਵਿਚ ਸੀ ਤੇ ਉਸ ਦੇ ਪਤੀ ਨੂੰ ਇਸਦਾ ਪਤਾ ਸੀ। ਪਾਕਿਸਤਾਨ ਵਿਚ 'ਜਸਟਿਸ ਆਫ ਪੀਸ' ਦੇ ਦਫਤਰ ਵਿਚ ਉਨ੍ਹਾਂ ਨੇ ਅਰਜ਼ੀ ਦਿੱਤੀਤੇ ਉਸ ਨੇ ਪਤੀ ਦੇ ਸਾਹਮਣੇਇਮਰਾਨ ਨਾਲ ਵਿਆਹ ਕਰ ਲਿਆ।ਇਸ ਮਹਿਲਾ ਨੇ ਆਪਣਾ ਨਾਂ ਬਦਲ ਕੇ ਪਰਵੀਨ ਸੁਲਤਾਨਾ ਰੱਖ ਲਿਆ ਹੈ। ਮੁਹੰਮਦ ਇਮਰਾਨ ਪਾਕਿ-ਸਤਾਨ ਦੇ ਰਾਜਨਪੁਰ ਦਾ ਵਾਸੀ ਹੈ। 23 ਨਵੰਬਰ ਨੂੰ ਪਰਮਜੀਤ ਕੌਰ ਤੇ ਇਮਰਾਨ ਨੇ ਲਾਹੌਰ ਵਿੱਚ ਨਿਕਾਹ ਕਰਨ ਇਸ ਤੋਂ ਪਹਿਲਾਂ ਪਾਕਿਸਤਾਨੀ ਅਦਾਲਤ ਵਿਚ ਆਪਣੇ ਭਾਰਤੀ ਪਤੀ ਤੋਂ ਤਲਾਕ ਲੈ ਲਿਆ। ਪਾਕਿਸਤਾਨੀ ਅਧਿਕਾਰੀਆਂ ਨੇ ਮਹਿਲਾ ਨੂੰ ਲਾਹੌਰ ਵਿਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ, ਕਿਉਂਕਿ ਉਹ ਤੀਰਥ ਯਾਤਰਾ ਉੱਤੇ ਸੀ ਅਤੇ ਉਸ ਦਾ ਸਮਾਂ ਵੀ ਖ਼ਤਮ ਹੋ ਗਿਆ ਸੀ। ਉਹ ਆਪਣੇ ਭਾਰਤੀ ਪਤੀ ਨਾਲ ਵਾਪਸ ਆ ਗਈ ਹੈ ਅਤੇ ਏਥੋਂ ਪਾਕਿਸਤਾਨ ਦੇ ਵੀਜ਼ੇ ਦੀ ਨਵੀਂ ਬੇਨਤੀ ਕਰ ਸਕਦੀ ਹੈ।

### ਸਾਬਕਾ ਜੱਜ 'ਤੇ ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਲਈ ਸੀ ਬੀ ਆਈ ਨੂੰ ਪ੍ਰਵਾਨਗੀ ਮਿਲੀ

ਨਵੀਂ ਦਿੱਲੀ, 28 ਨਵੰਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਦੀ ਜਾਂਚ ਏਜੰਸੀ ਸੀ ਬੀ ਆਈ ਨੂੰ ਭ੍ਰਿਸ਼ਟਾਚਾਰ ਦੇ ਇੱਕ ਕੇਸ ਵਿੱਚ ਇਲਾਹਾਬਾਦ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਐਸ ਐਨ ਸ਼ੁਕਲਾ ਉੱਤੇਕੇਸ ਚਲਾਉਣ ਦੀ ਪ੍ਰਵਾਨਗੀ ਮਿਲ ਗਈ ਹੈ। ਉਨ੍ਹਾਂ ਉੱਤੇ ਆਪਣੇ ਹੁਕਮਾਂ ਰਾਹੀਂ ਇੱਕ ਨਿੱਜੀ ਮੈਡੀਕਲ ਕਾਲਜ ਨੂੰ ਲਾਭ ਪੁਚਾਉਣ ਦਾ ਦੋਸ਼ ਹੈ।

ਇਸ ਬਾਰੇ ਸੀ ਬੀ ਆਈ ਅਫਸਰਾਂ ਨੇ ਦੱਸਿਆ ਕਿ ਉਨ੍ਹਾ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਹੇਠ ਬੀਤੀ 16 ਅਪ੍ਰੈਲ ਨੂੰ ਸੇਵਾ ਮੁਕਤ ਜੱਜ ਉੱਤੇਕੇਸ ਚਲਾਉਣ ਲਈ ਕੇਂਦਰ ਸਰਕਾਰ ਤੋਂ ਮਨਜ਼ੂਰੀ ਮੰਗੀ ਸੀ। ਕੇਂਦਰ ਦੇ ਮਨਜ਼ੂਰੀ ਤੋਂ ਬਾਅਦ ਸੀ ਬੀ ਆਈ ਉਸ ਸੇਵਾ ਮੁਕਤ ਜੱਜ ਵਿਰੁੱਧ ਦੋਸ਼ ਪੱਤਰ ਦਾਖ਼ਲ ਕਰ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਦੇ ਜਸਟਿਸ ਸ਼ੁਕਲਾ ਤੋਂ ਇਲਾਵਾ ਜਾਂਚ ਏਜੰਸੀ ਨੇ ਕੇਸ ਵਿੱਚ ਛੱਤੀਸਗੜ੍ਹ ਅਦਾਲਤ ਦੇ ਸੇਵਾ ਮੁਕਤ ਜੱਜ ਆਈ ਐਮ ਕੁਦੁਸੀ, ਪ੍ਰਸਾਦ ਐਜੂਕੇਸ਼ਨ ਟਰੱਸਟ ਦੇ ਭਗਵਾਨ ਪ੍ਰਸਾਦ ਯਾਦਵ ਅਤੇ ਪਲਾਸ਼ ਯਾਦਵ, ਟਰੱਸਟ ਅਤੇ ਨਿੱਜੀ ਵਿਅਕਤੀਆਂ, ਭਾਵਨਾਂ ਪਾਂਡੇ ਅਤੇ ਸੁਧੀਰ ਗਿਰੀ ਨੂੰ ਵੀ ਨਾਮਜ਼ਦ ਕੀਤਾ ਹੋਇਆ ਹੈ।

REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
CHEEMA
LOWEST PRICE IN TOWN
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਸਿੱਧੂ ਆਪਣੀ ਸਰਕਾਰ ਵੱਲ ਹੋਏ ਸਿੱਧਾ,
ਦੂਸਰੀ ਕਿਸੇ ਥਾਂ ਹੱਲਾ ਨਹੀਂ ਕਰੇ ਮੀਆਂ।
ਕਦੀ ਇਹ ਮਗਰ ਪੈਂਦਾ ਮੁੱਖ ਮੰਤਰੀ ਦੇ,
ਲਿਖ-ਲਿਖ ਖਾਤੇ ਟਵੀਟ ਦੇ ਭਰੇ ਮੀਆਂ।
ਲੈਂਦਾ ਏ ਪਕੜ ਫਿਰ ਮੰਤਰੀ ਹੋਰ ਕੋਈ,
ਉਹਨੂੰ ਕੱਢ ਆਉਂਦਾ ਪਿੰਡੋਂ ਪਰੇ ਮੀਆਂ।
ਸੂਚੀ ਪੜ੍ਹਨ ਲੱਗਦਾ ਮੁੜ ਕੇ ਹੋਰਨਾਂ ਦੀ,
ਇੰਨੀ ਕੀਤਿਆਂ ਚਿੱਤ ਨਹੀਂ ਭਰੇ ਮੀਆਂ।
ਏਨਾ ਹੀਲਾ ਵੀ ਕਰਨ ਦੇ ਬਾਅਦ ਉਹਨੂੰ,
ਚੰਦਰੇਚੈਨ ਦੀ ਨੀਂਦਰ ਨਾ ਆਏ ਮੀਆਂ।
ਬਾਕੀ ਰਹਿ ਗਿਆ ਮੰਤਰੀ ਕੱਲ੍ਹ ਜਿਹੜਾ,
ਸੁਫਨੇ ਵਿੱਚ ਉਹ ਸ਼ਕਲ ਵਿਖਾਏ ਮੀਆਂ।

**ਤੀਸ ਮਾਰ ਖਾਂ**

# ਮੁੱਖ ਮੰਤਰੀ ਚੰਨੀ ਦਾ ਐਲਾਨ: ਪੰਜਾਬ ਵਿੱਚ ਰਾਮਾਇਣ, ਮਹਾਭਾਰਤ ਅਤੇ ਸ਼੍ਰੀਮਦਭਾਗਵਤ ਗੀਤਾ ਬਾਰੇ ਵਿਸ਼ੇਸ਼ ਖੋਜ ਕੇਂਦਰ ਬਣੇਗਾ

ਫਗਵਾੜਾ, 28 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਐਲਾਨ ਕੀਤਾ ਕਿ ਰਾਮਾਇਣ, ਮਹਾਭਾਰਤ ਅਤੇ ਸ਼੍ਰੀਮਦ ਭਗਵਦ ਗੀਤਾ ਬਾਰੇ ਇਸ ਰਾਜ ਵਿੱਚ ਖੋਜ ਕੇਂਦਰ ਬਣਾਇਆ ਜਾਵੇਗਾ।ਫਗਵਾੜਾ ਨੇੜੇ ਭਗਵਾਨ ਪਰਸ਼ੂਰਾਮ ਦੀ ਤਪ ਅਸਥਾਨ ਵਿਖੇ ਨਤਮਸਤਕ ਹੋਣ ਪਿੱਛੋਂ ਇਕੱਠ ਨੂੰ ਸੰਬੋਧਨ ਕਰਦੇ ਹੋਏਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਨ੍ਹਾਂ ਤਿੰਨਾਂ ਰਚਨਾਵਾਂ ਉੱਪਰ ਖੋਜ ਕਾਰਜਾਂ ਨੂੰ ਅੱਗੇ ਵਧਾਉਣ ਦੇ ਮਕਸਦ ਨਾਲ ਏਥੇ ਵਿਸ਼ਵ ਪੱਧਰ ਦਾ ਖੋਜ ਕੇਂਦਰ ਕਾਇਮ ਕੀਤਾ ਜਾਵੇਗਾ।

ਇਸ ਮੌਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਰਾਮਾਇਣ, ਮਹਾਭਾਰਤ ਤੇ ਸ਼੍ਰੀਮਦ ਭਗਵਦ ਗੀਤਾ ਸਦੀਆਂ ਤੋਂ ਮਨੁੱਖਤਾ ਲਈ ਪ੍ਰੇਰਨਾ ਦਾ ਸ੍ਰੋਤ ਬਣੇ ਹੋਏ ਹਨ, ਜਿਸ ਕਰਕੇ ਇਨ੍ਹਾਂ ਦੀ ਖੋਜ ਬਾਰੇ ਕੇਂਦਰ ਨਾਲ ਇਨ੍ਹਾਂ ਗ੍ਰੰਥਾਂ ਦਾ ਸੰਦੇਸ਼ ਭਵਿੱਖ ਦੀਆਂ ਪੀੜੀਆਂ ਤੱਕ ਹੋਰ ਅਸਰਦਾਰ ਤਰੀਕੇ ਨਾਲ ਪੁੱਜਦਾ ਕੀਤਾ



ਜਾ ਸਕੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਬਾਰੇ ਸ਼ੰਕਰਾਚਾਰੀਆਂ ਨਾਲ ਵੀ ਸੰਪਰਕ ਕਰ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਰਾਜ ਸਰਕਾਰ ਭਗਵਾਨ ਪਰਸ਼ੂਰਾਮ ਦੇ ਤਪ ਅਸਥਾਨ ਨੂੰ ਧਾਰਮਿਕ ਸੈਲਾਨੀ ਕੇਂਦਰ ਵਜੋਂ ਵਿਕਸਤ ਕਰੇਗੀ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਭਗਵਾਨ ਪਰਸ਼ੂਰਾਮ ਦੇ ਮੰਦਰ ਦੇ ਵਿਕਾਸ ਲਈ 10 ਕਰੋੜ ਰੁਪਏ ਦਾ ਚੈੱਕ ਸੌਂਪਿਆ ਅਤੇ ਇਸ ਤੋਂ ਇਲਾਵਾ ਭਗਵਾਨ ਪਰਸ਼ੂਰਾਮ ਦੇ ਮਾਤਾ ਰੇਣੂਕਾ ਜੀ ਦੇ ਸਥਾਨ ਲਈ 75 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਉਹ ਕਾਂਗਰਸ ਲੀਡਰਸ਼ਿਪ ਦਾ ਭਰੋਸਾ ਜਤਾਉਣ ਲਈ ਪੰਜਾਬ ਦੇਲੋਕਾਂ ਦਾ ਧੰਨਵਾਦੀ ਹਨ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਯਤਨਸ਼ੀਲ ਹਨ। ਉਨ੍ਹਾਂ ਨੇ ਕਿਹਾ ਕਿ ਪਹਿਲੀ ਵਾਰ ਹੋਇਆ ਹੈ ਕਿ 1500 ਕਰੋੜ ਰੁਪਏ ਦੇ ਬਿਜਲੀ ਬਿੱਲਾਂ ਦੇ ਬਕਾਏ ਮਾਫ਼ ਕੀਤੇ ਗਏ ਤੇ ਬਿਜਲੀ 3 ਰੁਪਏ ਯੂਨਿਟ ਸਸਤੀ ਕੀਤੀ ਗਈ ਹੈ। ਇਸ ਤੋਂ ਇਲਾਵਾ ਰੇਤ ਦੇ ਭਾਅ ਨੂੰ ਸਾਢੇ 5 ਰੁਪਏ ਪ੍ਰਤੀ ਫੁੱਟ ਕੀਤਾ ਗਿਆ ਅਤੇ ਸ਼ਹਿਰੀ ਖੇਤਰਾਂ ਲਈ ਪਾਣੀ ਦੇ ਬਿੱਲ 50 ਰੁਪਏ ਤਕ ਕਰ ਦਿੱਤੇ ਗਏ ਹਨ।

## ਮੋਦੀ ਸਰਕਾਰ ਨੇ ਕਿਸਾਨਾਂ ਦੀ ਐੱਮ ਐੱਸ ਪੀ ਬਾਰੇ ਕਮੇਟੀ ਬਣਾਉਣ ਦੀ ਮੰਗ ਵੀ ਮੰਨੀ

* ਪਰਾਲੀ ਸਾੜਨ ਵਾਲੇ ਕਿਸਾਨਾਂ ਉੱਤੇ ਕੇਸ ਵੀ ਦਰਜ ਨਹੀਂ ਹੋਣਗੇ
* ਕਮੇਟੀ ਵਿੱਚ ਮਾਹਰਾਂ ਦੇ ਨਾਲ ਕਿਸਾਨ ਪ੍ਰਤੀਨਿਧ ਵੀ ਹੋਣਗੇ

ਨਵੀਂ ਦਿੱਲੀ, 28 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਸੰਘਰਸ਼ ਕਰਨ ਵਾਲੇ ਕਿਸਾਨਾਂ ਦੀ ਇਹ ਵੱਡੀ ਮੰਗ ਵੀ ਮੰਨ ਲਈ ਹੈ ਕਿ ਫਸਲਾਂ ਦੀ ਖਰੀਦ ਬਾਰੇ ਇੱਕ ਮਾਹਰਾਂ ਦੀ ਕਮੇਟੀ ਬਣਾਈ ਜਾਵੇਗੀ ਤੇ ਇਸ ਵਿੱਚ ਕਿਸਾਨ ਜਥੇਬੰਦੀਆਂ ਦੇ ਪ੍ਰਤੀਨਿਧ ਵੀ ਲਏ ਜਾਣਗੇ। ਇਸ ਦੇ ਨਾਲ ਹੀ ਅੱਜ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਐਲਾਨ ਕੀਤਾ ਕਿ ਕਿਸਾਨ ਜਥੇਬੰਦੀਆਂ ਨੇ ਪਰਾਲੀ ਸਾੜਨਵਾਲੇ ਕਿਸਾਨਾਂ ਨੂੰ ਸਜ਼ਾ ਯੋਗ ਜੁਰਮ ਕਰਾਰ ਨਾ ਦੇਣ ਦੀ ਮੰਗ ਕੀਤੀ ਸੀ ਅਤੇ ਭਾਰਤ ਸਰਕਾਰ ਨੇ ਇਹ ਮੰਗ ਵੀ ਮੰਨ ਲਈ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਸਰਕਾਰ ਦੇ ਬਣਾਏ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੀ ਕਿਸਾਨਾਂ ਦੀ ਮੁੱਖ ਮੰਗ ਪਿਛਲੇ ਹਫਤੇ ਮੰਨ ਕੇ ਐਲਾਨ ਕੀਤਾ ਸੀ ਕਿ ਇਸ ਬਾਰੇ ਪਾਰਲੀਮੈਂਟ ਤੋਂ ਬਿੱਲ ਪਾਸ ਕੀਤਾ ਜਾਵੇਗਾ। ਇਸ ਪਿੱਛੋਂ ਕਿਸਾਨ ਆਗੂ ਮੰਗ ਕਰਦੇ ਸਨ ਕਿ ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਦੀ ਗਾਰੰਟੀ ਦਾ ਐਲਾਨ ਕੀਤਾ ਜਾਵੇ ਤੇ ਝੋਨੇ ਦੀ ਪਰਾਲੀ ਸਾੜਨ ਵਾਲੇ ਕਿਸਾਨਾਂ ਉੱਤੇ ਕੇਸ ਦਰਜ ਕਰਨ ਦਾ ਕਾਨੂੰਨ ਰੋਕਿਆ ਜਾਵੇ। ਅੱਜ ਕੇਂਦਰ ਦੇ ਖੇਤੀ ਮੰਤਰੀ ਨੇ ਪਰਾਲੀ ਸਾੜਨ ਵਾਲੇ ਕਾਨੂੰਨ ਲਾਗੂ ਨਾ ਕਰਨ ਦੀ ਮੰਗ ਮੰਨ ਕੇ ਐਲਾਨ ਕੀਤਾ ਹੈ ਕਿ ਇਹ ਮੰਗ ਵੀ ਮੰਨ ਲਈ ਹੈ। ਉਨ੍ਹਾਂ ਦੱਸਿਆ ਕਿ ਸੋਮਵਾਰ 29 ਨਵੰਬਰ ਨੂੰ ਪਾਰਲੀਮੈਂਟ ਸੈਸ਼ਨ ਸ਼ੁਰੂ ਹੋਣ ਦੇ ਦਿਨ ਪਿਛਲੇ ਸਾਲ ਬਣਾਏ ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਬਿੱਲ ਪੇਸ਼ ਕੀਤਾ ਜਾਵੇਗਾ।ਉਨ੍ਹਾਂ ਇਸ ਮੌਕੇ ਕਿਸਾਨਾਂ ਨੂੰ ਅੰਦੋਲਨ ਖ਼ਤਮ ਕਰ ਕੇ ਆਪੋ-ਆਪਣੇ ਘਰੀਂ ਜਾਣ ਦੀ ਅਪੀਲ ਵੀ ਕੀਤੀ ਹੈ।

ਖੇਤੀ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜ਼ੀਰੋ ਬੱਜਟ ਖੇਤੀ, ਫ਼ਸਲੀ ਵਿਭਿੰਨਤਾ, ਐੱਮ ਐੱਸ ਪੀ ਨੂੰ ਅਸਰਦਾਰਤੇ ਪਾਰਦਰਸ਼ੀ ਬਣਾਉਣ ਵਰਗੇ ਮੁੱਦਿਆਂ ਉੱਤੇ ਵਿਚਾਰ ਲਈ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ, ਜਿਸ ਵਿੱਚ ਕਿਸਾਨ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਣਗੇ। ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਉੱਤੇ ਦਰਜ ਹੋਏ ਕੇਸਾਂ ਬਾਰੇ ਤੋਮਰ ਨੇ ਕਿਹਾ ਕਿ ਮੁਆਵਜ਼ੇ ਅਤੇ ਕੇਸ ਵਾਪਸੀ ਦਾ ਮੁੱਦਾਰਾਜ ਸਰਕਾਰਾਂ ਨੇ ਹੱਲ ਕਰਨਾ ਹੈ ਅਤੇ ਕੇਂਦਰ ਸਰਕਾਰ ਨੂੰ ਯਕੀਨ ਹੈ ਕਿ ਉਹ ਗੰਭੀਰਤਾ ਨਾਲ ਇਸ ਬਾਰੇ ਫ਼ੈਸਲਾ ਲੈਣਗੀਆਂ।

# ਸੁਖਬੀਰ ਸਿੰਘ ਬਾਦਲ ਵੱਲੋਂ ਛੋਟੇ ਉਦਯੋਗਾਂ ਅਤੇ ਵਪਾਰ ਵਾਸਤੇ ਨਵਾਂ ਮੰਤਰਾਲਾ ਬਣਾਉਣ ਦਾ ਵਾਅਦਾ

* ਚਾਰ ਹੋਰ ਅਕਾਲੀ ਉਮੀਦਵਾਰਾਂ ਦਾ ਐਲਾਨ

ਲੁਧਿਆਣਾ, 28 ਨਵੰਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਅਕਾਲੀ-ਬਸਪਾ ਗਠਜੋੜ ਦਾ 13 ਨੁਕਾਤੀ 'ਪੰਜਾਬ ਵਿਕਸਤ ਕਰੋ, ਪੰਜਾਬੀਆਂ ਨੂੰ ਉਤਸ਼ਾਹਿਤ ਕਰੋ' ਪ੍ਰੋਗਰਾਮ ਪੇਸ਼ ਕੀਤਾ, ਜਿਸ ਤਹਿਤ ਛੋਟੇ ਉਦਯੋਗਾਂ ਤੇ ਵਪਾਰੀਆਂ ਲਈ ਨਵਾਂ ਮੰਤਰਾਲਾ ਬਣਾਉਣ, ਰਜਿਸਟਰੀ ਫੀਸ ਵਿਚ 50 ਫੀਸਦੀ ਕਟੌਤੀ ਕਰਨ, ਛੋਟੇ ਵਪਾਰੀਆਂ ਲਈ ਜੀਵਨ, ਸਿਹਤ ਤੇ ਅੱਗਜ਼ਨੀ ਬੀਮ ਅਤੇ ਪੈਨਸ਼ਨ ਸਕੀਮ ਤੇ ਨਵੇਂ ਉਦਮੀਆਂ ਲਈ 5 ਲੱਖ ਰੁਪਏ ਤੱਕ ਵਿਆਜ਼ ਮੁਕਤ ਕਰਜ਼ੇ ਦੇਣ, ਇੰਡਸਟਰੀ ਲਈ 5 ਰੁਪਏ ਯੂਨਿਟ ਦੇ ਹਿਸਾਬ ਬਿਜਲੀ ਦੇਣਅਤੇ ਸਕਿੱਲ ਯੂਨੀਵਰਸਿਟੀ ਬਣਾ ਕੇ ਹੁਨਰਮੰਦ ਨੌਜਵਾਨ ਤਿਆਰ ਕਰਨ ਸਮੇਤ ਕਈ ਪ੍ਰੋਗਰਾਮ ਸ਼ਾਮਲ ਹਨ।

ਅੱਜ ਏਥੇ ਉਦਯੋਗ ਅਤੇ ਵਪਾਰ ਨਾਲ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਬਹੁਤ ਸਪਸ਼ਟ ਹੈ ਕਿ ਪੰਜਾਬ ਅਗਲੇ ਪੜਾਅ ਦੀਤਦੇ ਹੀ ਤਰੱਕੀ ਕਰ ਸਕਦਾ ਹੈ, ਜੇ ਅਸੀਂ ਅਸੀਂ ਵਪਾਰ ਤੇ ਉਦਯੋਗ ਨੂੰ ਹੁਲਾਰਾ ਦੇਵਾਂਗੇ। ਉਨ੍ਹਾਂ ਕਿਹਾ ਕਿ ਸਾਨੂੰ ਪੰਜਾਬੀਆਂ ਦੀ ਉਦਮ ਦੀ ਭਾਵਨਾ ਨੂੰ ਘਰੇਲੂ ਉਦਯੋਗ ਪ੍ਰਫੁੱਲਤ ਕਰ ਕੇ ਤੇ ਇਸਦੇ ਰਾਹ ਦੀਆਂ ਰੁਕਾਵਟਾਂ ਦੂਰ ਕਰ ਕੇ ਉਤਸ਼ਾਹਿਤ ਕਰਨ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਉਦਯੋਗਅਤੇ ਵਪਾਰ ਖੇਤਰ ਨੂੰ ਆਪਣੀਆਂ ਨੀਤੀਆਂ ਉਲੀਕਣ ਦਾ ਮੌਕਾ ਮਿਲੇਗਾ, ਜਿਸ ਲਈ ਇਕ ਸਲਾਹਕਾਰ ਬੋਰਡ ਬਣਾਇਆ ਜਾਵੇਗਾ, ਜਿਹੜਾ ਨਵੇਂ ਛੋਟੇ ਵਪਾਰੀਆਂ ਅਤੇ ਐਮ ਐਸ ਐਮ ਈ ਸੈਕਟਰ ਲਈ ਨਵੇਂ ਮੰਤਰਾਲੇ ਦੀਆਂ ਨੀਤੀਆਂ ਘੜੇਗਾ। ਉਨ੍ਹਾਂ ਕਿਹਾ ਕਿ ਇਕ ਵਾਰ ਅਕਾਲੀ-ਬਸਪਾ ਸਰਕਾਰ ਬਣ ਜਾਵੇ ਤਾਂ ਅਸੀਂ ਅਫਸਰੀ ਰਾਜ ਖਤਮ ਕਰਾਂਗੇ ਤੇ ਵਪਾਰ ਤੇ ਉਦਯੋਗ ਨੂੰ 25 ਲੱਖ ਦੀ ਟਰਨਓਵਰ ਲਈ ਕੋਈ ਕਿਤਾਬਾਂ ਨਹੀਂ ਰੱਖਣੀਆਂ ਪੈਣਗੀਆਂ, ਉਨ੍ਹਾਂ ਤੋਂ ਸਿਰਫ ਛੋਟੀ ਜਿਹੀ ਇਕਮੁਸ਼ਤ ਰਕਮ ਲਈ ਜਾਵੇਗੀ।

ਇਹੀ ਨਹੀਂ, ਅਕਾਲੀ ਦਲ ਦੇ ਪ੍ਰਧਾਨ ਨੇ ਐਲਾਨ ਕੀਤਾ ਕਿ ਬਿਲਡ ਪੰਜਾਬ ਏਜੰਸੀ ਬਣਾਈ ਜਾਵੇਗੀ, ਜਿਹੜੀ ਨਾ ਸਿਰਫ ਰੀਅਲ ਅਸਟੇਟ ਸੈਕਟਰ ਦੇ ਕੰਮ ਨੂੰ ਰੈਗੂਲੇਟ ਕਰੇਗੀ, ਸਗੋਂ 45 ਦਿਨਾਂ ਦੇਅੰਦਰ ਸਭ ਪ੍ਰਵਾਨਗੀਆਂ ਮਿਲਣੀਆਂ ਯਕੀਨੀ



ਬਣਾਏਗੀ। ਉਨ੍ਹਾਂ ਐਲਾਨ ਕੀਤਾ ਕਿ ਬਾਹਰੀ ਵਿਕਾਸ ਚਾਰਜਿਜ਼ (ਈ ਡੀ ਸੀ) ਤੇ ਰਜਿਸਟਰੀ ਫੀਸ ਅੱਧੀ ਕੀਤੀ ਜਾਵੇਗੀ ਤਾਂ ਜੋ ਰੀਅਲ ਅਸਟੇਟ ਕਾਰੋਬਾਰ ਵਧ ਸਕੇ ਅਤੇ ਈ ਡੀ ਸੀ ਚਾਰਜ ਰਜਿਸਟਰੀ ਦੇ ਆਧਾਰ ਉੱਤੇ ਪ੍ਰਤੀ ਵਰਗ ਫੁੱਟਨਾਲ ਲਵਾਂਗੇ ਤਾਂ ਜੋ ਉਸਾਰੀ ਦੇ ਕੰਮ ਵਧਣ। ਉਨ੍ਹਾਂ ਕਿਹਾ ਕਿ ਨਵੇਂ ਉਦਮੀਆਂ, ਖਾਸ ਕਰ ਕੇਔਰਤਾਂ ਤੇ ਨੌਜਵਾਨਾਂ, ਜਿਹੜੇ ਬਿਊਟੀ ਪਾਰਲਰ ਜਾਂ ਬੁਟੀਕ ਆਦਿਕੰਮ ਕਰਨਾ ਚਾਹੁੰਦੇ ਹਨ, ਲਈ 5 ਲੱਖ ਰੁਪਏ ਤੱਕ ਵਿਆਜ਼ ਮੁਕਤ ਕਰਜ਼ਾ ਦਿੱਤਾ ਜਾਵੇਗਾ।ਉਨ੍ਹਾ ਐਲਾਨ ਕੀਤਾ ਕਿ ਅਕਾਲੀ-ਬਸਪਾ ਸਰਕਾਰ ਇੰਡਸਟਰੀ ਲਈ ਤੇ ਛੋਟੇ ਵਪਾਰੀਆਂ ਲਈ ਬਿਜਲੀ 5 ਰੁਪਏ ਯੂਨਿਟ ਯਕੀਨੀ ਬਣਾਏਗੀਤੇ ਫੋਕਲ ਪੁਆਇੰਟ ਐਸੋਸੀਏਸ਼ਨਾਂ ਨੂੰ ਆਪਣੇ ਸੋਲਰ ਬਿਜਲੀ ਪਲਾਂਟ ਲਾਉਣ ਦੀ ਆਗਿਆ ਦਿੱਤੀ ਜਾਵੇਗੀ ਤਾਂ ਜੋ ਉਹ ਮੁਕਾਬਲੇ ਦੀ ਸਮਰਥਾ ਵਿੱਚ ਆ ਸਕਣ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ 200 ਏਕੜ ਜ਼ਮੀਨ ਉੱਤੇ ਸਕਿੱਲ ਯੂਨੀਵਰਸਿਟੀ ਬਣਾਈ ਜਾਵੇਗੀ।

ਅਕਾਲੀ ਦਲ ਨੇ ਬਹੁਜਨ ਸਮਾਜ ਪਾਰਟੀ ਨਾਲ ਗੱਠਜੋੜ ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲੜਨ ਦੇ ਲਈ ਅੱਜ ਚਾਰ ਹੋਰ ਹਲਕਿਆਂ ਦੇ ਅਕਾਲੀ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ। ਇਨ੍ਹਾਂ ਵਿੱਚ ਮਲੇਰਕੋਟਲਾ ਹਲਕੇ ਤੋਂ ਨੁਸਰਤ ਅਲੀ ਨੂੰ ਉਮੀਦਵਾਰ ਬਣਾਇਆ ਗਿਆ ਹੈ ਤੇ ਗੁਰਦਾਸਪੁਰ ਜ਼ਿਲੇ ਦੇ ਕਾਦੀਆਂ ਹਲਕੇ ਤੋਂ ਗੁਰਇਕਬਾਲ ਸਿੰਘ ਮਾਹਲ, ਸ੍ਰੀ ਹਰਗੋਬਿੰਦਪੁਰ ਤੋਂ ਰਾਜਨਬੀਰ ਸਿੰਘ ਅਤੇ ਫਿਰੋਜ਼ਪੁਰ ਤੋਂ ਰੋਹਤ ਵੋਹਰਾ ਨੂੰ ਟਿਕਟ ਦਿੱਤੀ ਗਈ ਹੈ।

## ਪਾਰਲੀਮੈਂਟ ਵੱਲ ਕਿਸਾਨਾਂ ਦਾ ਟਰੈਕਟਰ ਮਾਰਚ ਮੁਲਤਵੀ, 4 ਦਸੰਬਰ ਦਾ ਅਲਟੀਮੇਟਮ

ਨਵੀਂ ਦਿੱਲੀ/ਸੋਨੀਪਤ, 28 ਨਵੰਬਰ, (ਪੋਸਟ ਬਿਊਰੋ)- ਸੰਯੁਕਤ ਕਿਸਾਨ ਮੋਰਚਾ ਨੇ 29 ਨਵੰਬਰ ਨੂੰ ਪਾਰਲੀਮੈਂਟ ਵੱਲ ਨੂੰ ਕੀਤਾ ਜਾਣ ਵਾਲਾ ਟਰੈਕਟਰ ਮਾਰਚ ਅੱਜ ਮੁਲਤਵੀ ਕਰ ਦਿੱਤਾ ਹੈ। ਅੱਜ ਏਥੇ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗਦੇ ਫੈਸਲਿਆਂ ਬਾਰੇ ਕਿਸਾਨ ਆਗੂਡਾ: ਦਰਸ਼ਨਪਾਲ ਨੇ ਦੱਸਿਆ ਕਿ 29 ਨਵੰਬਰ ਨੂੰ ਪਾਰਲੀਮੈਂਟ ਵੱਲ ਹੋਣ ਵਾਲਾ ਟਰੈਕਟਰ ਮਾਰਚ ਮੁਲਤਵੀ ਕਰ ਦਿੱਤਾ ਹੈ। ਮੋਰਚਾ 4 ਦਸੰਬਰ ਨੂੰ ਮੁੜ ਕੇ ਮੀਟਿੰਗ ਵਿੱਚ ਕੇਂਦਰ ਸਰਕਾਰ ਦੇ ਰੁਖ਼ ਦੀ ਵਿਚਾਰ ਕਰੇਗਾ ਤੇ ਕਿਸਾਨਾਂ ਦੇ ਘਰੀਂ ਜਾਣ ਦਾ ਫੈਸਲਾ ਉਸ ਮੀਟਿੰਗ ਜਾਂ ਉਸ ਤੋਂ ਬਾਅਦ ਲਿਆ ਜਾਵੇਗਾ। ਕਿਸਾਨਆਗੂਆਂ ਨੇ ਕੇਂਦਰ ਸਰਕਾਰ ਨੂੰ 4 ਦਸੰਬਰ ਤੱਕ ਦਾ ਅਲਟੀਮੇਟਮ ਦੇ ਕੇ ਕਿਹਾ ਕਿ ਜੇ ਮੰਗਾਂ ਮੰਨੀਆਂ ਜਾਣ ਤਾਂ ਕਿਸਾਨ ਘਰ ਨੂੰ ਜਾਣਗੇ, ਪਰ ਜੇ ਨਾ ਮੰਨੀਆਂ ਤਾਂ ਅੰਦੋਲਨ ਜਾਰੀ ਰਹੇਗਾ। ਦਰਸ਼ਨਪਾਲ ਨੇ ਕਿਹਾ ਕਿ ਫਰੰਟ ਦੇਖੇਗਾ ਕਿ ਪਾਰਲੀਮੈਂਟ ਵਿੱਚਕੇਂਦਰ ਸਰਕਾਰ ਵਾਅਦਾ ਪੂਰਾ ਕਰਦੀ ਹੈ ਜਾਂ ਨਹੀਂ। ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਾਹੀਦਾ ਹੈ ਕਿ ਉਹ ਰਾਜ ਸਰਕਾਰਾਂ ਤੇ ਰੇਲਵੇ ਨੂੰ ਧਰਨੇ ਦੌਰਾਨ ਕਿਸਾਨਾਂ ਉੱਤੇ ਦਰਜ ਕੀਤੇ ਕੇਸ ਵਾਪਸ ਲੈਣ ਦੇ ਨਿਰਦੇਸ਼ ਦੇਣ ਤਾਂ ਜੁ ਸਾਰਾ ਮਾਮਲਾ ਠੀਕ ਤਰ੍ਹਾਂ ਨਿਪਟਾਇਆ ਜਾ ਸਕੇ।

## ਸੁਖਬੀਰ ਸਿੰਘ ਬਾਦਲ ਵਿਰੁੱਧ ਭੜਕੇ ਹੋਏ ਨਵਜੋਤ ਸਿੰਘ ਸਿੱਧੂ ਵੱਲੋਂ ਜਵਾਬੀ ਚੁਣੌਤੀ ਪੇਸ਼

ਅੰਮ੍ਰਿਤਸਰ, 28 ਨਵੰਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਲਾਏ ਗਏ ਦੋਸ਼ਾਂ ਦਾ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਤਿੱਖਾ ਜਵਾਬ ਦੇਂਦਿਆਂ ਕਿਹਾ ਹੈ ਕਿ ਜੇ ਸੁਖਬੀਰ ਸਿੰਘ ਬਾਦਲ ਨੂੰ ਕਲੀਨ ਚਿੱਟ ਦੇਣ ਵਾਲੇ ਪੰਜਾਬ ਪੁਲਸ ਦੇ ਡੀ ਜੀ ਪੀ ਜਾਂ ਐਡਵੋਕੇਟ ਜਨਰਲ ਨਾਲ ਮੈਂ ਕੋਈ ਬੰਦ ਕਮਰਾ ਮੀਟਿੰਗ ਕੀਤੀ ਹੋਵੇ ਤਾਂ ਸਿਆਸਤ ਛੱਡ ਦੇਵਾਂਗਾ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਗੱਲਾਂ ਦੀ ਥਾਂ ਸਬੂਤ ਪੇਸ਼ ਕਰੇ।ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਬੇਬੁਨਿਆਦ ਤੇ ਮਨਘੜਤ ਦੋਸ਼ ਲਾ ਰਹੇ ਹਨ। ਉਨ੍ਹਾਂ ਕਿਹਾ ਕਿ ਨਾ ਮੇਰੀ ਕੋਈ ਬੱਸ ਚੱਲਦੀ ਹੈ, ਨਾ ਮੇਰੀ ਕੋਈ ਰੇਤ ਦੀ ਖੱਡ ਹੈ, ਇਸ ਲਈ ਮੈਨੂੰ ਗ੍ਰਿਫ਼ਤਾਰੀ ਦਾ ਡਰ ਨਹੀਂ।

ਵਰਨਣ ਯੋਗ ਹੈ ਕਿ ਬੀਤੇ ਸ਼ੁੱਕਰਵਾਰ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਸੀ ਕਿ ਨਵਜੋਤ ਸਿੰਘਸਿੱਧੂਨੇ ਪੰਜਾਬ ਪੁਲਸ ਦੇ ਡੀ ਜੀ ਪੀ ਨਾਲ ਬੈਠਕ ਕਰਕੇ ਬਿਕਰਮ ਸਿੰਘ ਮਜੀਠੀਆ ਉੱਤੇਕੇਸ ਦਰਜ ਕਰਨ ਨੂੰਕਿਹਾ ਹੈ।ਇਸ ਉੱਤੇਅੱਜ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਅਕਾਲੀ ਦਲ ਕੇਂਦਰ ਸਰਕਾਰ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਕੰਮ ਕਰਦਾ ਰਿਹਾ ਹੈ,ਅਕਾਲੀ ਦਲ ਮੂਹਰੇ ਹੁੰਦਾ ਸੀ, ਪਿੱਛੇ ਕੋਈ ਹੋਰ ਸੀ।ਉਨ੍ਹਾ ਕਿਹਾ ਕਿ ਇਸ ਵਾਰ 60/40 ਦੀ ਖੇਡ ਨਹੀਂ ਚੱਲੇਗੀ, ਇਸ ਵਾਰ ਲੋਕਾਂ ਦੀ ਸਰਕਾਰ ਬਣੇਗੀ ਤੇ ਲੋਕਾਂ ਨੂੰ ਫਾਇਦੇ ਜਾਣਗੇ। ਉਨ੍ਹਾਂ ਕਿਹਾ ਕਿ ਪਹਿਲੇ ਮੁੱਖ ਮੰਤਰੀ ਨੇ ਸਾਢੇ ਚਾਰ ਸਾਲ ਕੁਝ ਨਹੀਂ ਸੀ ਕੀਤਾ, ਪਰ ਅਗਲੀ ਵਾਰ ਲੋਕ ਆਪਣੀ ਸਰਕਾਰ ਬਣਾਉਣਗੇ।

ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਬੀਤੇ ਦੋ ਦਿਨ ਫਾਸਟਵੇਅ ਗਰੁੱਪ ਉੱਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਰੇਡ ਤੋਂ ਅਕਾਲੀ ਦਲ ਭੜਕ ਉਠਿਆ ਹੈ, ਪਰਲੋਕ ਜਾਣਦੇ ਹਨ ਕਿ ਸੁਖਬੀਰ ਸਿੰਘ ਬਾਦਲ ਅਤੇ ਫਾਸਟਵੇਅ ਦੀ ਮਿਲੀਭੁਗਤਸ਼ੁਰੂ ਤੋਂ ਹੈ ਅਤੇ ਫਾਸਟਵੇਅ ਦੇ ਬਹਾਨੇ ਨਾਲ ਸਰਕਾਰ ਦਾ ਪੈਸਾ ਖਾਧਾ ਜਾਂਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੁਰਿੰਦਰ ਪਹਿਲਵਾਨ ਤੇ ਗੁਰਦੀਪ ਸਿੰਘ ਜੁਝਾਰ ਵਿਚਾਲੇ ਪੈਸਿਆਂ ਦਾ ਲੈਣ ਦੇਣ ਨਿਕਲਿਆ ਹੈ।ਸਿੱਧੂ ਨੇ ਦੋਸ਼ ਲਾਇਆ ਕਿ ਅਕਾਲੀ ਦਲ ਨੇ ਲੋਕਾਂ ਨੂੰ ਡਰਾ ਕੇ ਬੱਸਾਂ ਆਪਣੇ ਨਾਮ ਕਰਵਾ ਲਈਆਂ, ਪ੍ਰਾਪਰਟੀਆਂ ਉੱਤੇ ਕਬਜ਼ੇ ਕੀਤੇ ਅਤੇ ਤੇਰਾ-ਤੇਰਾ ਭੁੱਲ ਕੇ ਅਕਾਲੀ ਦਲ ਮੇਰਾ-ਮੇਰਾ ਕਰਦਾ ਰਿਹਾ ਹੋਣ ਕਾਰਨਮਸਾਂ 13 ਉੱਤੇ ਸੁੰਗੜ ਗਿਆ ਸੀ।

## ਬ੍ਰਿਟੇਨ ਗਏ ਪਰਵਾਰ ਦੇ ਘਰ ਵਿੱਚ ਚੋਰੀ ਹੋ ਗਈ

ਜਲੰਧਰ, 28 ਨਵੰਬਰ (ਪੋਸਟ ਬਿਊਰੋ)- ਟੈਗੋਰ ਐਵੇਨਿਊ ਇਲਾਕੇ ਵਿੱਚ ਕੱਲ੍ਹ ਰਾਤ ਚੋਰਾਂ ਨੇ ਇੱਕ ਐਨ ਆਰ ਆਈ ਦੇ ਤਾਲਾ ਲੱਗੇ ਘਰ ਤੋਂ ਲੱਖਾਂ ਰੁਪਏ ਦਾ ਸਾਮਾਨਚੋਰੀ ਕਰ ਲਿਆ। ਇਸ ਦੀ ਜਾਣਕਾਰੀ ਲੋਕਾਂ ਨੂੰ ਉਦੋਂ ਹੋਈ, ਜਦੋਂ ਉਨ੍ਹਾਂ ਨੇ ਸਵੇਰੇ ਘਰ ਦਾ ਤਾਲਾ ਟੁੱਟਾ ਦੇਖਿਆ। ਫਿਰ ਇਸ ਦੀ ਸੂਚਨਾ ਘਰ ਦੇ ਮਾਲਿਕ ਦੇ ਰਿਸ਼ਤੇਦਾਰਾਂ ਨੂੰ ਦਿੱਤੀ ਗਈ। ਘਰ ਦੇ ਅੰਦਰ ਜਾ ਕੇ ਦੇਖਿਆ ਤਾਂ ਸਾਮਾਨ ਖਿੱਲਰਿਆ ਹੋਇਆ ਸੀ। ਪੁਲਸ ਨੇ ਸੀ ਸੀ ਟੀ ਵੀ ਫੁਟੇਜ ਕਬਜ਼ੇ ਵਿੱਚ ਲੈ ਕੇ ਦੋਸ਼ੀਆਂ ਦੀ ਪਛਾਣ ਕਰਨ ਦਾ ਯਤਨ ਸ਼ੁਰੂ ਕਰ ਦਿੱਤਾ ਹੈ। ਇਸ ਸੀ ਸੀ ਟੀ ਵੀ ਫੁਟੇਜ ਵਿੱਚ ਦੋ ਜਣੇ ਰਾਤ ਸਵਾ ਦੋ ਵਜੇ ਦੇ ਕਰੀਬ ਘਰ ਤੋਂ ਬਾਹਰ ਨਿਕਲਦੇ ਦਿਖਾਈ ਦੇਂਦੇ ਹਨ। ਇਹ ਜਾਣਕਾਰੀ ਨਹੀਂ ਮਿਲੀ ਕਿ ਚੋਰਾਂ ਨੇ ਘਰ ਵਿੱਚ ਰੱਖਿਆ ਕੀ-ਕੀ ਸਾਮਾਨ ਚੋਰੀ ਕੀਤਾ ਹੈ। ਮਕਾਨ ਮਾਲਿਕ ਦੇ ਭਰਾ ਦਰਸ਼ਨ ਲਾਲ ਨੇ ਦੱਸਿਆ ਕਿ ਉਨ੍ਹਾਂ ਦੇ ਭਰਾ ਗੁਰਮੇਲ ਸਿੰਘ ਦਾ ਪਰਵਾਰ ਬ੍ਰਿਟੇਨ ਵਿੱਚ ਹੈ। ਉਨ੍ਹਾਂ ਨੂੰ ਮਿਲਣ ਲਈ ਉਨ੍ਹਾਂ ਦੇ ਭਰਾ ਅਤੇ ਭਾਬੀ ਕੁਝ ਦਿਨ ਪਹਿਲਾਂ ਬ੍ਰਿਟੇਨ ਗਏ ਸਨ। ਇਸ ਦੌਰਾਨ ਘਰ ਵਿੱਚ ਰੱਖੇ ਲੱਖਾਂ ਦੇ ਸਾਮਾਨਦੀ ਚੋਰੀ ਹੋ ਗਈ ਹੈ। ਥਾਣਾ ਪੰਜ ਦੇ ਇੰਚਾਰਜ ਗੁਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ।

# ਦਿੱਲੀ ਤੋਂ ਜ਼ੀਰੋ ਬਿਜਲੀ ਵਾਲੇ ਇੱਕ ਲੱਖ ਬਿੱਲ ਲਿਆ ਕੇ ਕੇਜਰੀਵਾਲ ਵੱਲੋਂ ਚੰਨੀ ਨੂੰ ਚੁਣੌਤੀ

ਮੋਹਾਲੀ, 28 ਨਵੰਬਰ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅੱਜਦਿੱਲੀ ਦੇ ਇਕ ਲੱਖ ਬਿਜਲੀ ਖਪਤਕਾਰਾਂ ਦੇ ਜ਼ੀਰੋ ਬਿਜਲੀ ਬਿੱਲ ਲੈ ਕੇ ਮੋਹਾਲੀ ਪੁੱਜੇ ਅਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚੁਣੌਤੀ ਦਿੱਤੀ ਕਿ ਉਹ ਸਿਰਫ ਇਕ ਹਜ਼ਾਰ ਬਿਜਲੀ ਦੇ ਜ਼ੀਰੋ ਵਾਲੇ ਬਿੱਲ ਦਿਖਾ ਦੇਣ, ਜਿਨ੍ਹਾਂ ਦੀ ਬਿਜਲੀ ਉਨ੍ਹਾਂ ਦੀ ਪੰਜਾਬ ਸਰਕਾਰ ਨੇ ਮੁਫਤ ਕੀਤੀ ਹੈ।

ਇਸ ਦੌਰਾਨ ਅੱਜ ਅਰਵਿੰਦ ਕੇਜਰੀਵਾਲ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਲੋਕਾਂ ਨਾਲ 'ਕੇਜਰੀਵਾਲ ਕੀ ਬਾਤ' ਪ੍ਰੋਗਰਾਮ ਵਿੱਚ ਮਿਲੇ ਅਤੇਕਿਹਾ ਕਿ ਪੰਜਾਬੀਆਂ ਨੇ ਅਕਾਲੀ-ਭਾਜਪਾ ਤੇ ਕਾਂਗਰਸ ਸਭ ਨੂੰ ਬਹੁਤ ਮੌਕੇ ਦਿੱਤੇ ਹਨ, ਇਕ ਮੌਕਾ ਸਾਨੂੰ ਦੇ ਕੇ ਦੇਖੋ। ਕੇਜਰੀਵਾਲ ਨੇ ਪੰਜਾਬ ਦੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਉੱਤੇ ਹਮਲਾ ਬੋਲਦੇ ਹੋਏ ਕਿਹਾ ਕਿ ਕਾਂਗਰਸ 129 ਸਫੇ ਦੇ ਚੋਣ ਮੈਨੀਫੈਸਟੋ ਵਿਚੋਂ 29 ਉੱਤੇ ਵੀ ਖਰੀ ਨਹੀਂ ਉਤਰੀ।ਅਰਵਿੰਦ ਕੇਜਰੀਵਾਲ ਨੇ ਲੋਕਾਂ ਦੀਆਂ



ਸਮੱਸਿਆਵਾਂ ਸੁਣੀਆਂ ਤੇ ਕਿਹਾ ਕਿ ਦਿੱਲੀ ਦੇ 50 ਲੱਖ ਪਰਿਵਾਰਾਂ ਵਿਚੋਂ 35 ਲੱਖ ਨੂੰ ਬਿਜਲੀ ਮੁਫਤ ਦੇਣ ਦਾ ਸਬੂਤ ਇਹ ਇਕ ਲੱਖਬਿੱਲ ਉਹ ਨਾਲ ਲੈ ਕੇ ਆਏ ਹਨ।

ਅੱਜ ਹੀ ਅਰਵਿੰਦ ਕੇਜਰੀਵਾਲ ਇੱਕ ਵਾਟਰ ਟੈਂਕੀ ਉੱਤੇ ਕਈ ਦਿਨਾਂ ਤੋਂ ਮੋਰਚਾ ਲਾਈ ਬੈਠੇ ਨੌਜਵਾਨ ਲੜਕਿਆਂ ਅਤੇ ਲੜਕੀਆਂ ਕੋਲ ਵੀ ਪਹੁੰਚੇ ਅਤੇ ਉਨ੍ਹਾਂ ਨਾਲ ਮੀਡੀਏ ਸਾਹਮਣੇ ਲਾਊਡ ਸਪੀਕਰ ਉੱਤੇ ਗੱਲ ਕਰ ਕੇ ਉਨ੍ਹਾਂ ਨੂੰ ਇਹ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੇ ਭਲੇ ਬਾਰੇ ਜੋ ਵੀ ਹੋ ਸਕਦਾ ਹੈ, ਕਰਨ ਦਾ ਯਤਨ ਕਰਨਗੇ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਲੋਕਰਾਜ ਦੀ ਦੁਰਲੱਭ ਤੇ ਜਵਾਬੀ ਜਿੱਤ

-ਰਾਮਚੰਦਰ ਗੁਹਾ

ਬਾਜ਼ਾਰ ਪੱਖੀ ਅਰਥਸ਼ਾਸਤਰੀਆਂ ਨੇ ਤਿੰਨ ਖੇਤੀ ਕਾਨੂੰਨਾਂ, ਜੋ ਹੁਣ ਵਾਪਸ ਲਏ ਜਾ ਰਹੇ ਹਨ, ਦੀ ਪ੍ਰੋੜ੍ਹਤਾ ਇਸ ਵਿਸ਼ਵਾਸ ਨਾਲ ਕੀਤੀ ਸੀ ਕਿ ਇਸ ਨਾਲ ਆਮਦਨ ਅਤੇ ਉਤਪਾਦਕਤਾ ਵਧੇਗੀ। ਖੱਬੇ ਪੱਖੀ ਅਰਥਸ਼ਾਸਤਰੀਆਂ ਨੇ ਇਸ ਵਿਸ਼ਵਾਸ ਨਾਲ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਸੀ ਕਿ ਇਨ੍ਹਾਂ ਕਰ ਕੇ ਵੱਡੀਆਂ ਕਾਰੋਬਾਰੀ ਕੰਪਨੀਆਂ ਅੱਗੇ ਕਿਸਾਨਾਂ ਦੀ ਪੇਸ਼ ਨਹੀਂ ਚੱਲਣੀ। ਉਂਞ, ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਹ ਜਾਪਦਾ ਹੈ ਕਿ ਬਹੁਤੀ ਸਮੱਸਿਆ ਖੇਤੀ ਕਾਨੂੰਨਾਂ ਦੀ ਨਹੀਂ ਹੈ ਸਗੋਂ ਉਸ ਮਨਸ਼ੇ ਅਤੇ ਉਸ ਦੇ ਫਰੇਬ ਦੀ ਹੈ, ਜਿਸ ਨਾਲ ਇਹ ਤਿਆਰ ਕਰਵਾ ਕੇ ਪਾਸ ਕਰਵਾਏ ਗਏ ਸਨ। ਕਾਨੂੰਨ ਤਿਰ ਕਰਨ ਮਗਰੋਂ ਕਿਸਾਨਾਂ ਦੇ ਅੰਦੋਲਨ ਨਾਲ ਸਿੱਝਣ ਦਾ ਹਰ ਉਹ ਢੰਗ ਤਰੀਕਾ ਅਪਣਾਇਆ ਗਿਆ, ਜੋ ਜਮਹੂਰੀ ਤੌਰ ਤਰੀਕਿਆਂ ਤੇ ਰਵਾਇਤਾਂ ਦੀ ਸਿੱਧੀ ਉਲੰਘਣਾ ਸੀ।

ਭਾਰਤ ਦੇ ਸੰਵਿਧਾਨ ਵਿੱਚ ਖੇਤੀਬਾੜੀ ਨੂੰ ਸੂਬਾਈ ਵਿਸ਼ੇ ਵਜੋਂ ਦਰਜ ਕੀਤਾ ਗਿਆ ਹੈ ਤਾਂ ਵੀ ਹਾਲੇ ਤੱਕ ਇਹੀ ਸੁਣਨ ਵਿੱਚ ਆਇਆ ਸੀ ਕਿ ਤਿੰਨ ਖੇਤੀ ਕਾਨੂੰਨ ਨਾ ਕੇਵਲ ਦੂਜੇ ਸੂਬਿਆਂ ਸਗੋਂ ਭਾਜਪਾ ਦੇ ਸ਼ਾਸਨ ਵਾਲੇ ਸੂਬਿਆਂ ਨਾਲ ਵੀ ਸਲਹ ਮਸ਼ਵਰਾ ਕੀਤੇ ਬਗੈਰ ਤਿਆਰ ਕਰ ਲਏ ਗਏ ਹਨ। ਦਰਅਸਲ ਇਹੋ ਜਿਹੇ ਸਰਕਾਰ ਦੇ ਕੰਮ ਢੰਗ ਹਨ, ਉਨ੍ਹਾਂ ਮੁਤਾਬਕ ਇਹ ਆਸਾਰ ਜ਼ਿਆਦਾ ਹਨ ਕਿ ਸਾਰਾ ਖਰੜਾ ਪ੍ਰਧਾਨ ਮੰਤਰੀ ਦਫਤਰ ਵਿੱਚ ਹੀ ਤਿਆਰ ਕਰ ਲਿਆ ਗਿਆ ਹੋਵੇ ਤੇ ਇਸ ਸੰਬੰਧ ਵਿੱਚ ਕੈਬਨਿਟ ਮੰਤਰੀਆਂ ਅਤੇ ਖੇਤੀਬਾੜੀ ਮੰਤਰਾਲੇ ਦੀ ਵੀ ਸੱਦ-ਪੁੱਛ ਨਾ ਹੋਈ ਹੋਵੇ।

ਮਈ 2014 ਵਿੱਚ ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਹੀ ਇਸ ਦਾ ਇੱਕ ਖਾਸ ਲੱਛਣ ਰਿਹਾ ਹੈ ਕਿ ਇਹ ਸਰਕਾਰ ਅਜਿਹੇ ਇਕਤਰਫਾ ਫੈਸਲੇ ਲੈਂਦੀ ਹੈ ਜਿਨ੍ਹਾਂ ਦਾ ਕਰੋੜਾਂ ਲੋਕਾਂ 'ਤੇ ਆਮ ਕਰ ਕੇ ਮਾੜਾ ਅਸਰ ਪੈਂਦਾ ਹੈ। ਉਂਞ, ਸਾਡੇ ਵਰਗੇ ਵਿਸ਼ਾਲ ਮੁਲਕ ਦੇ ਚੌਗਿਰਦੇ ਦੀ ਵੰਨ-ਸੁਵੰਨਤਾ ਦੇ ਮੱਦੇਨਜ਼ਰ ਖੇਤੀਬਾੜੀ ਜਿਹੇ ਖੇਤਰ ਵਿੱਚ ਇੱਕ ਰੂਪੀ ਸਾਂਚਾ ਸਭਨਾਂ ਲਈ ਉਪਰੋਂ ਅਮਲ ਵਿੱਚ ਲਿਆਉਣ ਦਾ ਤਰੀਕਾਕਾਰ ਬਹੁਤਾ ਲਾਭਦਾਇਕ ਨਹੀਂ ਹੈ। ਜਦੋਂ ਹਰੇਕ ਸੂਬੇ ਦੀ ਭੋਂ, ਪਾਣੀ ਦੇ ਸਰੋਤ, ਫਸਲੀ ਵਿਧੀਆਂ ਤੇ ਜ਼ਮੀਨੀ ਵਰਤੋਂ ਦੇ ਤੌਰ ਤਰੀਕੇ ਵੱਖੋ-ਵੱਖਰੇ ਹਨ ਅਤੇ ਸੂਬਿਆਂ ਅੰਦਰ ਵੀ ਤਰ੍ਹਾਂ ਤਰ੍ਹਾਂ ਦੀਆਂ ਵਿਧੀਆਂ ਹਨ ਤਾਂ ਕੋਈ ਪ੍ਰਧਾਨ ਮੰਤਰੀ ਕਿਵੇਂ ਸੂਬਿਆਂ ਨਾਲ ਸਲਾਹ ਮਸ਼ਵਰਾ ਕੀਤੇ ਬਗੈਰ ਇਸ ਤਰ੍ਹਾਂ ਦੇ ਵਿਵਾਦਗ੍ਰਸਤ ਕਦਮ ਉਠਾ ਸਕਦਾ ਹੈ।

ਜਦੋਂ ਸਰਕਾਰ ਇਹ ਖੇਤੀ ਕਾਨੂੰਨ ਪਾਰਲੀਮੈਂਟ ਵਿੱਚ ਲੈ ਕੇ ਗਈ ਤਾਂ ਲੋਕਰਾਜੀ ਰਵਾਇਤਾਂ ਦੀ ਪ੍ਰਵਾਹ ਕੀਤੇ ਬਗੈਰ ਇਨ੍ਹਾਂ ਨੂੰ ਧੱਕੇ ਨਾਲ ਪਾਸ ਕਰਵਾ ਲਿਆ ਗਿਆ। ਇਨ੍ਹਾਂ ਕਾਨੂੰਨਾਂ ਦੇ ਦੂਰ-ਰਸ ਪ੍ਰਭਾਵ ਦੇ ਮੱਦੇਨਜ਼ਰ ਸਿਆਣਪ ਵਾਲੀ ਗੱਲ ਤਾਂ ਇਹ ਸੀ ਕਿ ਇਨ੍ਹਾਂ ਬਿੱਲਾਂ ਨੂੰ ਸੰਸਦੀ ਕਮੇਟੀ ਕੋਲ ਭੇਜ ਦਿੱਤਾ ਜਾਂਦਾ, ਜੋ ਵਿਸ਼ੇ ਦੇ ਮਾਹਰਾਂ ਨੂੰ ਬੁਲਾ ਕੇ ਇਨ੍ਹਾਂ ਕਾਨੂੰਨਾਂ 'ਤੇ ਤਫਸੀਲ ਨਾਲ ਵਿਚਾਰ ਚਰਚਾ ਕਰਵਾਉਂਦੀ ਤਾਂ ਕਿ ਇਨ੍ਹਾਂ ਵਿੱਚ ਸੁਧਾਰ ਲਿਆਉਣ ਵਿੱਚ ਮਦਦ ਮਿਲਦੀ। ਇਸ ਕਿਸਮ ਦੇ ਅਹਿਤੀਆਤੀ ਕਦਮ ਨਾ ਉਠਾਉਣਾ ਵੀ ਇਸ ਸਰਕਾਰ ਦਾ ਖਾਸ ਲੱਛਣ ਹੈ। ਲੋਕ ਸਭਾ ਵਿੱਚ ਭਾਜਪਾ ਦਾ ਸਪੱਸ਼ਟ ਬਹੁਮਤ ਹੋਣ ਦਾ ਮਤਲਬ ਸੀ ਕਿ ਖੇਤੀ ਬਿੱਲ ਆਸਾਨੀ ਨਾਲ ਪਾਸ ਹੋ ਜਾਣਗੇ, ਪਰ ਜਦੋਂ ਉਹ ਰਾਜ ਸਭਾ ਵਿੱਚ ਆਏ ਤਾਂ ਭਾਜਪਾ ਨੂੰ ਉਨ੍ਹਾਂ ਉਤੇ ਬਹੁਤ ਹਾਸਲ ਹੋਣ ਦਾ ਯਕੀਨ ਨਹੀਂ ਸੀ। ਇੱਥੇ ਵਿਰੋਧੀ ਧਿਰ ਬਿਹਤਰ ਸਥਿਤੀ ਵਿੱਚ ਸੀ ਅਤੇ ਉਸ ਨੂੰ ਆਸ ਸੀ ਕਿ ਮਾਮਲੇ 'ਤੇ ਬਿਹਤਰ ਢੰਗ ਨਾਲ ਬਹਿਸ ਹੋ ਸਕੇਗੀ, ਪਰ ਰਾਜ ਸਭਾ ਦੇ ਡਿਪਟੀ ਚੇਅਰਮੈਨ ਹਰਿਵੰਸ਼ ਨੇ ਇਸ ਤਰ੍ਹਾਂ ਨਾ ਹੋਣ ਦਿੱਤਾ ਅਤੇ ਉਨ੍ਹਾਂ ਦਾ ਇਹ ਵਿਹਾਰ ਹਰਗਿਜ਼ ਆਪਣੇ ਅਹੁਦੇ ਨਾਲ ਮੇਲ ਨਹੀਂ ਖਾਂਦਾ ਸੀ ਤੇ ਉਨ੍ਹਾਂ ਮਾਮਲੇ 'ਤੇ ਵੋਟਿੰਗ ਕਰਾਉਣ ਦੀ ਆਗਿਆ ਨਾ ਦਿੱਤੀ ਅਤੇ 'ਜ਼ੁਬਾਨੀ ਵੋਟਾਂ' ਦੀ ਆੜ ਹੇਠ ਖੇਤੀ ਬਿੱਲਾਂ ਨੂੰ ਪਾਸ ਹੋਏ ਕਰਾਰ ਦੇ ਦਿੱਤਾ।

ਬੁੱਕਲ ਦੇ ਗੁੜ ਵਾਂਗ ਜਿਵੇਂ ਇਨ੍ਹਾਂ ਬਿਲਾਂ ਦਾ ਖਰੜਾ ਤਿਆਰ ਕੀਤਾ ਗਿਆ ਅਤੇ ਜਿਸ ਕਾਹਲ ਨਾਲ ਇਹ ਪਾਸ ਕਰਵਾ ਲਏ ਗਏ, ਉਸ ਨਾਲ ਉਤਰੀ ਭਾਰਤ ਦੇ ਕਿਸਾਨਾਂ ਅੰਦਰ ਵੱਡੇ ਪੱਧਰ 'ਤੇ ਰੋਸ ਪੈਦਾ ਹੋ ਗਿਆ। ਜੇ ਸੂਬਿਆਂ ਦੇ ਖੇਤੀਬਾੜੀ ਮੰਤਰੀਆਂ ਨਾਲ ਪਾਰਦਰਸ਼ੀ ਤਰੀਕੇ ਨਾਲ ਵਿਚਾਰ ਚਰਚਾ ਕੀਤੀ ਹੁੰਦੀ, ਕਾਨੂੰਨਾਂ ਦਾ ਮਸੌਦਾ ਤਿਆਰ ਕਰਨ ਲਈ ਸੰਬੰਧਤ ਧਿਰਾਂ ਦੇ ਸੁਝਾਅ ਤੇ ਇਤਰਾਜ਼ ਮੰਗਵਾਏ ਹੁੰਦੇ ਅਤੇ ਜੇ ਪਾਰਲੀਮੈਂਟ ਨੂੰ ਮੁੱਦੇ 'ਤੇ ਸੁਚੱਜੇ ਢੰਗ ਨਾਲ ਬਹਿਸ ਕਰਨ ਦੀ ਖੁੱਲ੍ਹ ਦਿੱਤੀ ਜਾਂਦੀ ਤਾਂ ਸ਼ਾਇਦ ਇਸ ਦਾ ਨਤੀਜਾ ਬਿਲਕੁਲ ਵੱਖਰਾ ਹੋਣਾ ਸੀ। ਅੰਬਾਨੀਆਂ ਤੇ ਅਡਾਨੀਆਂ ਵਰਗੇ ਕਾਰਪੋਰੇਟ ਘਰਾਣੇ ਜਿਵੇਂ ਖੇਤੀਬਾਜਡੀ ਖੇਤਰ ਵਿੱਚ ਦਾਖਲ ਹੋ ਰਹੇ ਸਨ, ਇਸ ਤੱਥ ਦੇ ਮੱਦੇਨਜ਼ਰ ਕਿਸਾਨਾਂ ਅੰਦਰ ਬੇਚੈਨੀ ਹੋਰ ਵਧ ਗਈ। ਜਿਵੇਂ ਕਿ ਇਸ ਸਾਲ ਦੇ ਸ਼ੁਰੂ ਵਿੱਚ ਇੱਕ ਟਿੱਪਣੀਕਾਰ ਨੇ ਲਿਖਿਆ ਸੀ-"ਖੇਤੀ ਕਾਨੂੰਨਾਂ ਦੀ ਜਿਹੋ ਜਿਹੀ ਫਿਤਰਤ ਹੈ, ਉਸ ਮੁਤਾਬਕ ਅਡਾਨੀ ਗਰੁੱਪ ਨੂੰ ਇਨ੍ਹਾਂ ਦਾ ਚੋਖਾ ਲਾਹਾ ਮਿਲਣਾ ਤੈਅ ਹੈ।" (ਹਰਤੋਸ਼ ਸਿੰਘ ਬੱਲ, 'ਦਿ ਕਾਰਵਾਂ', ਮਾਰਚ 2021)

ਇਨ੍ਹਾਂ ਖੇਤੀ ਕਾਨੂੰਨਾਂ ਦਾ ਪਾਸ ਹੋਣਾ ਸਾਡੇ ਗਣਰਾਜ ਦੇ ਸੰਘੀ ਢਾਂਚੇ ਤੇ ਖੁਦ ਪਾਰਲੀਮੈਂਟ ਪ੍ਰਤੀ ਮੋਦੀ ਸਰਕਾਰ ਦੇ ਤਿਰਸਕਾਰ ਨੂੰ ਦਰਸਾਉਂਦਾ ਸੀ। ਲੋਕਰਾਜੀ ਪ੍ਰਤੀਨਿਧਤ ਦੇ ਆਮ ਚੈਨਲਾਂ ਨੂੰ ਜਿਵੇਂ ਪ੍ਰਧਾਨ ਮੰਤਰੀ ਵੱਲੋਂ ਨਜ਼ਰਅੰਦਾਜ਼ ਕੀਤਾ ਗਿਆ, ਉਸ ਦਾ ਟਾਕਰਾ ਕਰਨ ਲਈ ਕਿਸਾਨਾਂ ਨੇ ਸੱਤਿਆਗ੍ਰਹਿ ਦ ਰਹ ਅਖਤਿਆਰ ਕਰ ਲਿਆ। ਉਹ ਵੱਡੀ ਤਦਾਦ ਵਿੱਚ ਇਕਜੁੱਟ ਹੋ ਕੇ ਰਾਜਧਾਨੀ ਦਿੱਲੀ ਦੀਆਂ ਬਰੂਹਾਂ 'ਤੇ ਆਣ ਕੇ ਬੈਠ ਗਏ ਤੇ ਖੁੱਲ੍ਹੇ ਅਸਮਾਨ ਹੇਠ ਰਹਿੰਦੇ ਤੇ ਸੌਂਦੇ ਰਹੇ ਅਤੇ ਗਾਣੇ ਗਾਉਂਦੇ ਰਹੇ ਤੇ ਬਾਤਾਂ ਪਾਉਂਦੇ ਰਹੇ।

ਅੰਦੋਲਨ ਦੀ ਖਾਸੀਅਤ ਇਹ ਹੈ ਕਿ ਇਹ ਬਿਲਕੁਲ ਵੀ ਹਿੰਸਕ ਨਹੀਂ ਹੋਇਆ, ਪਰ ਤਾਂ ਵੀ ਕੇਂਦਰ ਸਰਕਾਰ ਨੇ ਇਸ ਪ੍ਰਤੀ ਵਹਿਸ਼ੀ ਰੁਖ਼ ਅਖਤਿਰ ਕੀਤਾ। ਰੋਸ ਮੁਜ਼ਾਹਰਿਆਂ ਵਿੱਚ ਸ਼ਾਮਲ ਹੋਣ ਜਾ ਰਹੇ ਲੋਕਾਂ 'ਤੇ ਪਾਣੀ ਦੀਆਂ ਬੁਛਾੜਾਂ ਸੁੱਟੀਆਂ ਗਈਆਂ, ਸੜਕਾਂ 'ਤੇ ਕਿੱਲ ਗੱਡ ਦਿੱਤੇ ਗਏ ਤੇ ਇੰਟਰਨੈਟ ਬੰਦ ਕਰਾ ਦਿੱਤਾ ਗਿਆ। ਇੱਕ ਪਾਸੇ ਸਰਕਾਰ ਸਿੱਧਮ-ਸਿੱਧਾ ਕਹਿਰ ਢਾਹ ਰਹੀ ਸੀ ਤੇ ਦੂਜੇ ਪਾਸੇ ਗੋਦੀ ਮੀਡੀਆ ਕਿਸਾਨਾਂ ਨੂੰ ਖਾਲਿਸਤਾਨੀ ਪ੍ਰਚਰਾਨ 'ਤੇ ਤੁਲਿਆ ਹੋਇਆ ਸੀ, ਪਰ ਇਹ ਸਤਿਆਗ੍ਰਹੀ ਕਿਸਾਨ ਅਡੋਲ ਰਹੇ। ਇਸ ਦੌਰਾਨ ਸੈਂਕੜੇ ਕਿਸਾਨ ਬਿਮਾਰੀ ਜਾਂ ਹਾਦਸਿਆਂ ਕਰ ਕੇ ਫ਼ੌਤ ਹੋ ਗਏ, ਪਰ ਫਿਰ ਵੀ ਅੰਦੋਲਨ ਦੇ ਪੰਡਾਲਾਂ ਵਿੱਚ ਗਿਣਤੀ ਵਧਦੀ ਹੀ ਰਹੀ। ਮਾਮਲੇ ਦੇ ਹੱਲ ਲਈ ਕੇਂਦਰ ਸਰਕਾਰ ਦੇ ਮੰਤਰੀਆਂ ਨੂੰ ਕਿਸਾਨ ਆਗੂਆਂ ਨਾਲ ਕਈ ਮੀਟਿੰਗਾਂ ਕਰਨੀਆਂ ਪਈਆਂ ਹਾਲਾਂਕਿ ਪ੍ਰਧਾਨ ਮੰਤਰੀ ਨੇ ਕਦੇ ਆਪ ਉਨ੍ਹਾਂ ਦੀ ਗੱਲ ਸੁਣਨ ਦੀ ਖੇਚਲ ਨਹੀਂ ਕੀਤੀ।

ਰਾਜਧਾਨੀ ਦੇ ਬਾਹਰ ਬੈਠੇ ਕਿਸਾਨ ਅੰਦੋਲਨਕਾਰੀਆਂ ਬਾਰੇ ਇੱਕ ਸਾਲ ਦੇ ਅਰਸੇ ਦੌਰਾਨ ਨਰਿੰਦਰ ਮੋਦੀ ਨੇ ਸਿਰਫ ਇੱਕ ਵਾਰ ਸਿੱਧੇ ਤੌਰ 'ਤੇ ਹਵਾਲਾ ਦਿੱਤਾ ਸੀ ਜਦੋਂ ਉਨ੍ਹਾਂ ਪਾਰਲੀਮੈਂਟ ਵਿੱਚ ਸਤਿਆਗ੍ਰਹੀਆਂ ਦਾ ਦਮ ਨਿਕਲ ਜਾਵੇਗਾ, ਪਰ ਇੰਞ ਹੋਇਆ ਨਹੀਂ। ਹੁਣ ਜਦੋਂ ਪੰਜ ਰਾਜਾਂ ਦੀਆਂ ਚੋਣਾਂ ਨੇੜੇ ਆ ਗਈਆਂ ਹਨ ਤੇ ਇਨ੍ਹਾਂ 'ਚੋਂ ਬਹੁਤੇ ਰਾਜਾਂ ਵਿੱਚ ਭਾਜਪਾ ਦੀ ਹਾਲਤ ਪਤਲੀ ਜਾਪਦੀ ਹੈ ਤਾਂ ਆਖਰਕਾਰ ਲੰਘੇ ਸ਼ੁੱਕਰਵਾਰ 19 ਨਵੰਬਰ ਨੂੰ ਪ੍ਰਧਾਨ ਮੰਤਰੀ ਨੂੰ ਆਪਣੇ ਭਾਸ਼ਣ ਵਿੱਚ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਨਾ ਪਿਆ। ਸਤਾਰਾਂ ਮਿੰਟ ਦੇ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਨੇ ਆਪਣੇ ਜਨਤਕ ਜੀਵਨ ਦੇ ਪੰਜ ਦਹਾਕਿਆਂ ਵਿੱਚ ਉਨ੍ਹਾਂ ਵੱਲੋਂ ਕਿਸਾਨਾਂ ਦੇ ਹਿੱਤ ਵਿੱਚ ਕੀਤੇ ਗਏ ਕਾਰਜਾਂ ਦਾ ਕਰੀਬ ਪੰਦਰਾਂ ਮਿੰਟ ਵਿਖਿਆਨ ਕਰਨ ਤੋਂ ਬਾਅਦ ਇਹ ਐਲਾਨ ਕੀਤਾ। ਕੁਝ ਵੀ ਹੋਵੇ, ਉਨ੍ਹਾਂ ਵੱਲੋਂ ਫੈਸਲਾ ਵਾਪਸ ਲੈਣਾ ਕੋਈ ਛੋਟੀ ਗੱਲ ਨਹੀਂ ਹੈ ਤੇ ਸ਼ਾਇਦ ਇਹ ਪਹਿਲਾ ਮੌਕਾ ਹੈ, ਜਦੋਂ ਉਨ੍ਹਾਂ ਦੀ ਕਿਸੇ ਕਾਰਵਾਈ ਤੋਂ ਦੁਖੀ ਲੋਕਾਂ ਅੱਗੇ ਉਨ੍ਹਾਂ ਨੂੰ ਝੁਕਣਾ ਪਿਆ ਹੈ।

ਯਾਦ ਰਹੇ ਸਾਲ 2002 ਦਾ ਕਤਲੇਆਮ, ਜੋ ਉਨ੍ਹਾਂ ਦੇ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਵਾਪਰਿਆ ਸੀ ਤੇ ਉਦੋਂ ਵੀ ਨਰਿੰਦਰ ਮੋਦੀ ਨੇ ਕੋਈ ਪਛਤਾਵਾ ਜ਼ਾਹਰ ਨਹੀਂ ਕੀਤਾ ਸੀ। ਕਈ ਸਾਲਾਂ ਬਾਅਦ ਜਦੋਂ ਇੱਕ ਵਿਦੇਸ਼ੀ ਪੱਤਰਕਾਰ ਨੇ ਇਸ ਮਾਮਲੇ 'ਤੇ ਉਨ੍ਹਾਂ ਨੂੰ ਸਵਾਲ ਕੀਤਾ ਸੀ ਤਾਂ ਉਨ੍ਹਾਂ ਦੰਗਿਆਂ ਵਿੱਚ ਮਾਰੇ ਗਏ ਲੋਕਾਂ (ਬਹੁਤੇ ਮੁਸਲਮਾਨ) ਦੀ ਤੁਲਨਾ ਸ਼ਬੱਬੀਂ ਕਾਰ ਦੇ ਪਹੀਏ ਹੇਠ ਆ ਕੇ ਮਰਨ ਵਾਲੇ ਕਤੂਰੇ ਨਾਲ ਕੀਤੀ ਸੀ। ਇਸ ਤੋਂ ਬਾਅਦ ਹੋਈਆਂ ਕੁਝ ਹੋਰ ਮਨੁੱਖੀ ਤ੍ਰਾਸਦੀਆਂ ਜਿਨ੍ਹਾਂ ਲਈ ਉਹ ਸਿੱਧੇ ਤੌਰ 'ਤੇ ਜ਼ਿੰਮੇਵਾਰ ਸਨ, ਮੁਤੱਲਕ ਵੀ ਉਨ੍ਹਾਂ ਕਦੇ ਕੁਝ ਨਹੀਂ ਆਖਿਆ। 2016 ਵਿੱਚ ਕੀਤੀ ਨੋਟਬੰਦੀ ਜਾਂ ਕੁਝ ਹੋਰ ਘਟਨਾਵਾਂ ਬਾਰੇ ਉਨ੍ਹਾਂ ਕਦੇ ਅਫਸੋਸ ਜ਼ਾਹਰ ਨਹੀਂ ਕੀਤਾ ਜਿਸ ਕਰ ਕੇ ਭਾਰਤੀ ਅਰਥਚਾਰੇ ਦੀ ਤਬਾਹੀ ਹੋਈ ਸੀ ਅਤੇ ਕਰੋੜਾਂ ਪਰਵਾਰਾਂ ਦੀਆਂ ਜ਼ਿੰਦਗੀਆਂ ਰੁਲ ਗਈਆਂ ਸਨ ਜਾਂ 2020 ਦਾ ਲਾਕਡਾਊਨ ਜਿਸ ਕਰ ਕੇ ਪਰਵਾਸੀ ਮਜ਼ਦੂਰਾਂ 'ਤੇ ਪਏ ਅਸਰ ਦੀਆਂ ਕਹਾਣੀਆਂ, ਜੋ ਕੁਝ ਦਲੇਰ ਪੱਤਰਕਾਰਾਂ ਤੇ ਫੋਟੋਗਰਾਫਰਾਂ ਵੱਲੋਂ ਕੈਮਰਾਬੰਦ ਤੇ ਕਲਮਬੰਦ ਕੀਤੀਆਂ ਸਨ। ਇਸ ਲਈ ਸ਼ੁੱਕਰਵਾਰ ਦੇ ਦਿਨ ਜਦੋਂ ਮੋਦੀ ਨੇ ਇਹ ਸ਼ਬਦ ਆਖੇ ਕਿ "ਮੈਂ ਸ਼ਮਾਂ (ਮੁਆਫੀ) ਚਾਹਤਾ ਹੂੰ", ਇਹ ਉਨ੍ਹਾਂ ਦੇ ਰਵਾਇਤੀ ਕਾਰ ਵਿਹਾਰ ਤੋਂ ਐਨ ਜੁਦਾ ਸਨ।

ਪੰਜ ਸਾਲ ਪਹਿਲਾਂ ਨਵੰਬਰ ਮਹੀਨੇ ਦੀ ਇੱਕ ਰਾਤ ਨੂੰ ਅੱਠ ਵਜੇ ਜਦੋਂ ਉਨ੍ਹਾਂ ਆਪਣੇ ਇੱਕ ਟੀ ਵੀ ਭਾਸ਼ਣ ਵਿੱਚ 500 ਤੇ 1000 ਰੁਪਏ ਦੇ ਨੋਟਾਂ ਦਾ ਚੱਲਣਾ ਬੰਦ ਕਰਨ ਦਾ ਐਲਾਨ ਕੀਤਾ ਸੀ ਤਾਂ ਕੁਝ ਸਿਆਸੀ ਸਮੀਖਿਅਕਾਂ ਨੇ ਕਿਆਸ ਲਾਏ ਸਨ ਕਿ ਇਸ ਕਾਰਵਾਈ ਪਿੱਛੇ ਇੱਕ ਗੁੱਝਾ ਮੰਤਵ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਲਾਭ ਪਹੁੰਚਾਉਣ ਦਾ ਵੀ ਹੈ। ਇਹ ਦਲੀਲ ਦਿੱਤੀ ਗਈ ਸੀ ਕਿ ਇਹ ਕਾਰਵਾਈ (ਨੋਟਬੰਦੀ) ਭਾਜਪਾ ਦੀਆਂ ਵਿਰੋਧੀ ਪਾਰਟੀਆਂ ਦੇ ਨਕਦੀ ਭੰਡਾਰ ਤਬਾਹ ਕਰ ਦੇਵੇਗੀ। ਲੰਘੇ ਸ਼ੁੱਕਰਵਾਰ ਵਾਲਾ ਐਲਾਨ ਵੀ ਆਉਣ ਵਾਲੀਆਂ ਉੱਤਰ ਪ੍ਰਦੇਸ਼ ਦੀਆਂ ਚੋਣਾਂ ਨਾਲ ਹੀ ਜੁੜਿਆ ਹੋ ਸਕਦਾ ਹੈ। ਉੱਤਰ ਪ੍ਰਦੇਸ਼ ਦੇ ਕਿਸਾਨਾਂ ਵੱਲੋਂ ਇਸ ਅੰਦੋਲਨ ਵਿੱਚ ਵਧ ਚੜ੍ਹ ਕੇ ਯੋਗਦਾਨ ਪਾਇਆ ਜਾ ਰਿਹਾ ਹੈ ਅਤੇ ਚੋਣਾਂ ਵਿੱਚ ਉਨ੍ਹਾਂ ਦੀਆਂ ਵੋਟਾਂ ਰੁਖ਼ ਬਦਲ ਸਕਦੀਆਂ ਹਨ।

ਮੈਂ ਆਪਣੇ ਟਵਿੱਟਰ ਫੀਡ 'ਤੇ ਕੁਝ ਲੋਕਾਂ ਦੀਆਂ ਇਹ ਟਿੱਪਣੀਆਂ ਵੀ ਪੜ੍ਹੀਆਂ ਹਨ ਕਿ ਖੇਤੀ ਕਾਨੂੰਨ ਵਾਪਸ ਲੈਣ ਨਾਲ ਦੇਸ਼ ਨੂੰ ਝਟਕਾ ਵੱਜੇਗਾ। ਇਹ ਜਲਦਬਾਜ਼ੀ ਵਾਲਾ ਫਤਵਾ ਹੈ। ਅਰਥਸ਼ਾਸਤਰੀਆਂ ਅੰਦਰ ਵੀ ਇਹ ਆਮ ਸਹਿਮਤੀ ਨਹੀਂ ਹੈ ਕਿ ਕੀ ਇਹ ਖੇਤੀ ਕਾਨੂੰਨ ਸੁਚੱਜੇ ਤਰੀਕੇ ਤੇ ਸਾਵਧਾਨੀ ਨਾਲ ਤਿਆਰ ਕੀਤੇ ਗਏ ਸਨ। ਇਸ ਤੋਂ ਇਲਾਵਾ ਜੇ ਇਸ ਦਾ ਉਦੇਸ਼ ਵਧੀਆ ਵੀ ਹੋਵੇ ਤਾਂ ਵੀ ਉਹ ਜਿਹੋ ਜਿਹੇ ਮਾੜੇ ਤਰੀਕੇ ਨਾਲ ਪਾਸ ਕੀਤੇ ਗਏ ਸਨ, ਉਸ ਨੂੰ ਕਿਵੇਂ ਵੀ ਸਹੀ ਨਹੀਂ ਠਹਿਰਾਇਆ ਜਾ ਸਕਦਾ। ਜਿਸ ਢੰਗ ਨਾਲ ਇਨ੍ਹਾਂ ਦਾ ਮਸੌਦਾ ਤਿਆਰ ਕੀਤਾ ਗਿਆ ਸੀ, ਉਹ ਸੰਘੀ ਅਸੂਲਾਂ ਦੇ ਬਿਲਕੁਲ ਖਿਲਾਫ ਹੈ। ਜਿਸ ਢੰਗ ਨਾਲ ਇਨ੍ਹਾਂ ਨੂੰ ਪਾਰਲੀਮੈਂਟ 'ਚੋਂ ਪਾਸ ਕਰਵਾਇਆ ਗਿਆ, ਉਸ ਨਾਲ ਪਾਰਲੀਮੈਂਟ ਦੀ ਮਰਿਆਦਾ ਦੀ ਹੇਠੀ ਹੋਈ ਸੀ। ਜਿਸ ਤਰ੍ਹਾਂ ਸ਼ਾਂਤਮਈ ਅੰਦੋਲਨਕਾਰੀਆਂ 'ਤੇ ਹਮਲੇ ਕੀਤੇ ਗਏ ਅਤੇ ਉਨ੍ਹਾਂ 'ਤੇ ਦੋਸ਼ ਮੜੇ ਗਏ, ਉਹ ਉਨ੍ਹਾਂ ਅਸੂਲਾਂ ਨਾਲ ਵਿਸਾਹਘਾਤ ਸੀ ਜਿਨ੍ਹਾਂ 'ਤੇ ਸਾਡੇ ਗਣਰਾਜ ਦੀ ਨੀਂਹ ਰੱਖੀ ਹੋਈ ਹੈ। ਇਸ ਲਈ ਖੇਤੀ ਕਾਨੂੰਨਾਂ ਨੂੰ ਵਾਪਸ ਲਿਆ ਜਾਣਾ ਹੰਕਾਰ ਤੇ ਘੁਮੰਡ ਖਿਲਾਫ ਸੱਚਾਈ ਦੀ ਤਾਕਤ ਦੇ ਪ੍ਰਤੀਕ ਸਤਿਆਗ੍ਰਹਿ ਦੀ ਜਿੱਤ ਹੈ। ਇਹ ਨਿਰੰਕੁਸ਼ਸ਼ਾਹੀ ਖਿਲਾਫ ਲੋਕਰਾਜ ਦੀ ਇੱਕ ਦੁਰਲੱਭ, ਅੰਸ਼ਕ ਤੇ ਸ਼ਾਇਦ ਜਵਾਬੀ ਜਿੱਤ ਹੈ, ਪਰ ਬਹਰਹਾਲ ਇੱਕ ਜਿੱਤ ਜ਼ਰੂਰ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਨੌਜਵਾਨ ਪੀੜ੍ਹੀ ਤੇ ਪੰਜਾਬੀ ਵਿਰਸਾ

-ਡਾਕਟਰ ਰਣਜੀਤ ਸਿੰਘ

ਪੰਜਾਬੀ ਉਦਮੀ ਹਨ ਤੇ ਹਮੇਸ਼ਾ ਖਤਰੇ ਸਹੇੜਨ ਲਈ ਤਿਆਰ ਰਹਿੰਦੇ ਹਨ। ਔਖੀ ਘੜੀ ਵਿੱਚ ਵੀ ਚੜ੍ਹਦੀ ਕਲਾ ਵਿੱਚ ਰਹਿੰਦਿਆਂ ਮੁਸ਼ਕਲਾਂ ਦਾ ਮੁਕਾਬਲਾ ਡਟ ਕੇ ਕਰਦੇ ਹਨ। ਉਹ ਹਮੇਸ਼ਾ ਨਵੇਂ ਵਿਚਾਰਾਂ ਅਤੇ ਨਵੀਆਂ ਥਾਵਾਂ ਨੂੰ ਆਪਣਾ ਬਣਾਉਣ ਲਈ ਤੱਤਪਰ ਰਹਿੰਦੇ ਹਨ। ਪਿਛਲੇ ਕੁਝ ਸਾਲਾਂ ਤੋਂ ਪੰਜਾਬੀਆਂ ਵਿੱਚ ਵਿਦੇਸ਼ ਜਾਣ ਦੇ ਰੁਝਾਨ ਵਿੱਚ ਤੇਜ਼ੀ ਆਈ ਹੈ। ਇਸੇ ਪ੍ਰਵਾਹ ਅਧੀਨ ਉਨ੍ਹਾਂ ਪੱਛਮੀ ਪਹਿਰਾਵਾ, ਖਾਣ-ਪੀਣ ਤੇ ਰਸਮਾਂ-ਰਿਵਾਜ਼ਾਂ ਨੂੰ ਦੇਸ਼ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਤੇਜ਼ੀ ਨਾਲ ਅਪਣਾਇਆ ਹੈ। ਅੰਗਰੇਜ਼ੀ ਪੜ੍ਹਨ ਦੀ ਲਾਲਸਾ ਅਧੀਨ ਪੰਜਾਬੀਆਂ ਨੇ ਆਪਣੇ ਬੱਚੇ ਅਖੌਤੀ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਨ ਪਾ ਦਿੱਤੇ ਹਨ, ਜਿੱਥੇ ਬੱਚਿਆਂ ਨੂੰ ਪੰਜਾਬੀ ਪੜ੍ਹਨ ਤੇ ਬੋਲਣ ਤੋਂ ਵਰਜਿਆ ਜਾਂਦਾ ਹੈ। ਉਨ੍ਹਾਂ ਨੂੰ ਆਪਣਾ ਸ਼ਾਨਾਮੱਤਾ ਇਤਿਹਾਸ ਪੜ੍ਹਾਉਣ ਅਤੇ ਪੰਜਾਬੀ ਸਭਿਆਚਾਰ ਤੋਂ ਜਾਣੂ ਕਰਵਾਉਣ ਦੀ ਥਾਂ ਵਿਦੇਸ਼ੀ ਇਤਿਹਾਸ ਅਤੇ ਸਭਿਆਚਾਰ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਇਸ ਦਾ ਅਸਰ ਉਨ੍ਹਾਂ ਉਤੇ ਸਾਫ ਨਜ਼ਰ ਆਉਣ ਲੱਗਾ ਹੈ। ਪੈਸੇ ਕਮਾਉਣ ਦੀ ਦੌੜ ਵਿੱਚ ਉਹ ਗਲਤ ਕੰਮ ਕਰਨ ਲਈ ਵੀ ਕਰਨ ਲੱਗੇ ਹਨ। ਬਾਜ਼ਾਰ ਵਿੱਚ ਵਿਕਣ ਵਾਲੀਆਂ ਬਹੁਤੀਆਂ ਵਸਤਾਂ ਵਿੱਚ ਜ਼ਹਿਰੀਲੀ ਮਿਲਾਵਟ ਹੋਣ ਲੱਗੀ ਹੈ। ਬਹੁਤੇ ਕਾਰਖਾਨੇ ਰਸਾਇਣਾਂ ਵਾਲੇ ਪਾਣੀ ਨੂੰ ਸਾਫ ਕਰਨ ਦੀ ਥਾਂ ਨੇੜੇ ਵਗਦੇ ਦਰਿਆ ਵਿੱਚ ਸੁੱਟਣ ਦਾ ਯਤਨ ਕਰਦੇ ਹਨ, ਜਾਂ ਧਰਤੀ ਹੇਠਾਂ ਭੇਜ ਰਹੇ ਹਨ। ਇੰਝ ਪੰਜਾਬ ਦੇ ਪਾਣੀਆਂ ਵਿੱਚ ਜ਼ਹਿਰ ਘੁੱਲ ਰਹੀ ਹੈ। ਕਾਇਦੇ ਕਾਨੂੰਨ ਦੀ ਪਾਲਣਾ ਕਰਨਾ ਕਮਜ਼ੋਰੀ ਸਮਝਿਆ ਜਾਣ ਲੱਗ ਪਿਆ ਹੈ। ਹੱਥੀਂ ਕੰਮ ਕਰਨਾ ਅਸੀਂ ਹੇਠੀ ਸਮਝਣ ਲੱਗ ਪਏ ਹਾਂ। ਵਿਖਾਵਾ ਸਾਡੇ ਜੀਵਨ ਦਾ ਅੰਗ ਬਣ ਰਿਹਾ ਹੈ। ਵਿੱਤੋਂ ਵੱਧ ਖਰਚ ਕਰਨ ਨੂੰ ਮਾਣ ਸਮਝਦੇ ਹਾਂ। ਪਰਵਾਸੀ ਮਜ਼ਦੂਰਾਂ ਉਤੇ ਸਾਡੀ ਨਿਰਭਰਤਾ ਏਨੀ ਵਧ ਗਈ ਹੈ ਕਿ ਹੁਣ ਉਨ੍ਹਾਂ ਦੀ ਗਿਣਤੀ ਸੂਬੇ ਵਿੱਚ 12 ਫੀਸਦੀ ਤੱਕ ਪੁੱਜ ਗਈ ਹੈ। ਖੇਤਾਂ, ਫੈਕਟਰੀਆਂ ਅਤੇ ਘਰਾਂ ਵਿੱਚ ਹਰ ਥਾਂ ਪਰਵਾਸੀ ਮਜ਼ਦੂਰ ਨਜ਼ਰ ਆ ਰਹੇ ਹਨ। ਸਾਡੇ ਪਿੰਡ ਇੱਕ-ਇੱਕ ਕਰ ਕੇ ਮਰ ਰਹੇ ਹਨ। ਉਨ੍ਹਾਂ ਦੇ ਨਾਲ ਹੀ ਸਾਡੀਆਂ ਪ੍ਰੰਪਰਾਵਾਂ, ਸਭਿਆਚਾਰ, ਲੋਕ ਗੀਤ, ਲੋਕ ਨਾਚ, ਲੋਕ ਬੋਲੀ ਵੀ ਮਰ ਰਹੀ ਹੈ। ਮਨੁੱਖ ਵਿਕਾਸ ਦੀ ਥਾਂ ਨਿਘਾਰ ਵੱਲ ਜਾ ਰਿਹਾ ਹੈ। ਇਸ ਦਾ ਇੱਕ ਕਾਰਨ ਸਰਕਾਰੀ ਵਿਦਿਅਕ ਢਾਂਚੇ ਦਾ ਟੁੱਟ ਜਾਣਾ ਹੈ। ਸਰਕਾਰ ਤੇ ਅਧਿਆਪਕ ਇਸ ਪਾਸੇ ਸੰਜੀਦਾ ਨਹੀਂ। ਇਸੇ ਦਾ ਅਸਰ ਪੰਜਾਬੀਆਂ 'ਤੇ ਪੈ ਰਿਹਾ ਹੈ। ਸਾਡੇ ਧਾਰਮਿਕ ਆਗੂ ਅਤੇ ਪ੍ਰਚਾਰਕ ਵੀ ਇਸ ਦੀ ਲਪੇਟ ਵਿੱਚ ਆ ਗਏ ਹਨ। ਰਾਜਸੀ ਆਗੂ ਇਸ ਤੋਂ ਵੀ ਅੱਗੇ ਨਿਕਲ ਗਏ ਹਨ।

ਹੁਣ ਤੱਕ ਪੰਜਾਬੀ ਸਭਿਆਚਾਰ, ਰਸਮੋਂ ਰਿਵਾਜ਼, ਲੋਕ ਗੀਤ ਸੰਗੀਤ ਨੂੰ ਸਾਡੇ ਪਿੰਡਾਂ ਨੇ ਸੰਭਾਲ ਕੇ ਰੱਖਿਆ ਸੀ। ਪੰਜਾਬ ਵਿੱਚ ਪੇਂਡੂ ਸ਼ਹਿਰੀ ਫਰਕ ਬੜੀ ਤੇਜ਼ੀ ਨਾਲ ਘੱਟ ਰਿਹਾ ਹੈ। ਇਸ ਦਾ ਅਸਰ ਪੇਂਡੂ ਜਨਜੀਵਨ 'ਤੇ ਪਿਆ ਹੈ। ਪੇਂਡੂ ਲੋਕਾਂ ਨੇ ਵੀ ਸ਼ਹਿਰੀ ਜੀਵਨ ਅਤੇ ਬੋਲੀ ਦੀ ਨਕਲ ਕਰਨੀ ਸ਼ੁਰੂ ਕਰ ਦਿੱਤੀ ਹੈ। ਖੁਸ਼ੀ ਦੇ ਸਮਾਗਮ ਤਾਂ ਦੂਰ ਗ਼ਮੀ ਦੇ ਸਮਾਗਮਾਂ ਵਿੱਚ ਵੀ ਸੰਜੀਦਗੀ ਖਤਮ ਹੈ। ਹੁਣ ਤੱਕ ਜਿਹੜੇ ਕਾਰਜ ਸਾਰਾ ਭਾਈਚਾਰਾ ਰਲ ਮਿਲ ਕੇ ਸਿਰੇ ਚਾੜ੍ਹਦਾ ਸੀ, ਉਹ ਸਾਰਾ ਕੁਝ ਠੇਕੇਦਾਰ ਰਲ ਮਿਲ ਕੇ ਸਿਰੇ ਚਾੜ੍ਹਦਾ ਸੀ, ਉਹ ਸਾਰਾ ਕੁਝ ਠੇਕੇਦਾਰ ਕਰਦੇ ਹਨ। ਹੁਣ ਕੁੱਕੜ ਦੀ ਬਾਂਗ ਸੁਣ ਅੰਮ੍ਰਿਤ ਵੇਲੇ ਜਾਗਣ ਵਾਲਿਆਂ ਦੀ ਗਿਣਤੀ ਘਟ ਗੀ, ਕੁੱਕੜ ਖਾ ਕੇ ਸੌਣ ਵਾਲਿਆਂ ਦੀ ਵਧ ਗਈ ਹੈ। ਸ਼ਰਾਬ ਦੀ ਵਰਤੋਂ ਹੁਣ ਘਰੇ ਬੈਠ ਕੇ ਖੁੱਲ੍ਹ ਕੇ ਹੁੰਦੀ ਹੈ। ਇਸ ਬਾਰੇ ਗੰਭੀਰ ਚਿੰਤਨ ਦੀ ਲੋੜ ਹੈ।

ਜ਼ਰੂਰੀ ਹੈ ਕਿ ਬੱਚਿਆਂ ਨੂੰ ਆਪਣੀ ਬੋਲੀ ਪੰਜਾਬੀ ਨਾਲ, ਸ਼ਾਨਾਮੱਤੇ ਵਿਰਸੇ ਅਤੇ ਸਭਿਆਚਾਰ ਨਾਲ ਜੋੜਿਆ ਜਾਵੇ ਤਾਂ ਜੋ ਉਨ੍ਹਾਂ ਵਿੱਚ ਆਪਣੀ ਮਿੱਟੀ ਦਾ ਮੋਹ ਜਾਗੇ। ਦੇਸੀ ਮਹੀਨਿਆਂ, ਰੁੱਤਾਂ ਅਤੇ ਮੌਸਮਾਂ ਬਾਰੇ ਵਿਸ਼ੇਸ਼ ਕਿਤਾਬਚੇ ਛਾਪ ਕੇ ਵੰਡੇ ਜਾਣ। ਸੰਗਰਾਂ ਵਾਲੇ ਦਿਨ ਵੀ ਵਿਸ਼ੇਸ਼ ਸਮਾਗਮ ਕੀਤੇ ਜਾਣ। ਅਸੀਂ ਕਈ ਵਾਰ ਇਹ ਆਖ ਪੱਲਾ ਝਾੜ ਲੈਂਦੇ ਹਾਂ ਕਿ ਸਿੱਖੀ ਵਿੱਚ ਵਿਸ਼ੇਸ਼ ਦਿਨਾਂ ਨੂੰ ਮਨਾਉਣ ਦੀ ਮਨਾਹੀ ਹੈ। ਉਹ ਮਨਾਹੀ ਵਹਿਮਾਂ ਭਰਮਾਂ ਦੇ ਵਿਰੁੱਧ ਹੈ। ਨਵੇਂ ਚੜ੍ਹੇ ਮਹੀਨੇ ਗੁਰੂ ਸਾਹਿਬਾਨ ਦੇ ਹੁਕਮਾਂ ਨੂੰ ਸੁਣਨਾ ਅਤੇ ਉਨ੍ਹਾਂ ਉੱਤੇ ਅਮਲ ਕਰਨ ਦਾ ਪ੍ਰਣ ਕਰਨ ਦੀ ਮਨਾਹੀ ਨਹੀਂ ਹੈ। ਇਤਿਹਾਸ ਦੀ ਕਿਤਾਬ ਵਿੱਚ ਪੰਜਾਬ ਤੇ ਪੰਜਾਬੀਆਂ ਦੀਆਂ ਪ੍ਰਾਪਤੀਆਂ ਬਾਰੇ ਲਿਖਿਆ ਜਾਵੇ। ਸਾਡੇ ਪ੍ਰਚਾਰਕਾਂ ਨੂੰ ਚਾਹੀਦਾ ਹੈ ਕਿ ਗੁਰੂ ਸਾਹਿਬਾਂ ਦੇ ਚਮਤਕਾਰਾਂ ਦੀਆਂ ਸਾਖੀਆਂ ਉੱਤੇ ਜ਼ੋਰ ਦੇਣ ਦੀ ਥਾਂ ਉਨ੍ਹਾਂ ਦੇ ਉਪਦੇਸ਼ਾਂ ਨੂੰ ਪ੍ਰਚਾਰਿਆ ਜਾਵੇ। ਵਡੇਰਿਆਂ ਦੀਆਂ ਕੁਰਬਾਨੀਆਂ ਤੇ ਮਹਾਨ ਵਿਰਸੇ ਦੀਆਂ ਬਾਤਾਂ ਪਾਈਆਂ ਜਾਣ। ਸਕੂਲਾਂ ਵਿੱਚ ਪੜ੍ਹਾਈਆਂ ਜਾਣ ਵਾਲੀਆਂ ਪੁਸਤਕਾਂ ਵਿੱਚ ਪੰਜਾਬ, ਪੰਜਾਬੀ ਸਭਿਆਚਾਰ ਤੇ ਸਮਾਜਕ ਕਦਰਾਂ ਕੀਮਤਾਂ ਨੂੰ ਉਘਾੜਿਆ ਜਾਵੇ। ਆਓ ਰਲ ਕੇ ਯਤਨ ਕਰੀਏ ਪੰਜਾਬ, ਪੰਜਾਬੀ ਤੇ ਪੰਜਾਬੀ ਸੱਭਿਆਚਾਰ ਨਾਲ ਨਵੀਂ ਨੌਜਵਾਨ ਨੂੰ ਪੀੜ੍ਹੀ ਨੂੰ ਜੋੜੀਏ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge




Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਭ੍ਰਿਸ਼ਟਾਚਾਰ ਦੇ ਇਸ ਮਾਹੌਲ ਵਿੱਚ ਅਗਲੀਆਂ ਚੋਣਾਂ ਵੀ ਕਿਹੜੀ ਭਲੀ ਗੁਜ਼ਾਰਨਗੀਆਂ!



ਜਤਿੰਦਰ ਪੰਨੂ

ਆਸਾਂ ਤਾਂ ਬਹੁਤ ਸਨ ਭਾਰਤ ਦੇ ਲੋਕਤੰਤਰ ਤੋਂ, ਪਰ ਗੱਲ ਬਣ ਨਹੀਂ ਸਕੀ, ਸਗੋਂ ਇਹ ਕਹਿਣਾ ਵੱਧ ਠੀਕ ਹੈ ਕਿ ਗੱਲ ਬਣਨ ਦੀ ਆਸ ਵੀ ਕੋਈ ਖਾਸ ਨਹੀਂ ਰਹੀ। ਹਰ ਨਵਾਂ ਆਇਆ ਆਗੂ ਅਤੇ ਹਰ ਨਵਾਂ ਚੜ੍ਹਿਆ ਦਿਨ ਇਹੀ ਯਕੀਨ ਕਰਨ ਨੂੰ ਆਖਦਾ ਹੈ ਕਿ ਇਨ੍ਹਾਂ ਤਿਲਾਂ ਵਿੱਚ ਤੇਲ ਹੈ ਨਹੀਂ, ਭਰਮ ਵਿੱਚ ਰਹਿਣਾ ਛੱਡ ਦਿਉ। ਰੇਗਿਸਤਾਨ ਵਿੱਚ ਭਟਕਦੀ ਹਿਰਨੀ ਜਿਵੇਂ ਪਾਣੀ ਦੀ ਭਾਲ ਵਿੱਚ ਧੁੱਪ ਨਾਲ ਚਮਕਦੀ ਰੇਤ ਨੂੰ ਪਾਣੀ ਸਮਝ ਕੇ ਦੌੜਦੀ ਤੇ ਫਿਰ ਲਾਗੇ ਜਾ ਕੇ ਰੇਤ ਵੇਖ ਕੇ ਹੋਰ ਅੱਗੇ ਚਮਕ ਰਹੀ ਰੇਤ ਨੂੰ ਪਾਣੀ ਸਮਝ ਕੇ ਦੋ ਬੂੰਦਾਂ ਦੀ ਆਸ ਵਿੱਚ ਦੌੜ ਪੈਂਦੀ ਹੈ, ਸਾਡੇ ਭਾਰਤੀ ਲੋਕ ਓਸੇ ਤਰ੍ਹਾਂ ਆਸ ਨਾਲ ਹਰ ਚੋਣ ਉਡੀਕਦੇ ਹਨ। ਨਤੀਜਾ ਵੀ ਓਸੇ ਹਿਰਨ ਵਾਲਾ ਨਿਕਲਦਾ ਹੈ। ਹਰ ਚੋਣ ਪਿੱਛੋਂ ਲੋਕਾਂ ਮੂੰਹੋਂ ਨਿਕਲਦਾ ਹੈ ਕਿ ਇਸ ਚੋਣ ਦੇ ਹੋਣ ਜਾਂ ਨਾ ਹੋਣ ਨਾਲ ਜੇ ਕੋਈ ਫਰਕ ਨਹੀਂ ਸੀ ਪੈਣਾ, ਇਸ ਉੱਤੇ ਅਰਬਾਂ ਰੁਪਏ ਦਾ ਖਰਚਾ ਕਰਨ ਤੇ ਲੋਕਾਂ ਦਾ ਸਮਾਂ ਜ਼ਾਇਆ ਕਰਨ ਦੀ ਕੀ ਲੋੜ ਸੀ? ਇਸ ਵਕਤ ਭਾਜਪਾ ਵੱਲੋਂ 'ਮਾਰਗ ਦਰਸ਼ਕ' ਦਾ ਫੱਟਾ ਲਾ ਕੇ ਪਿੱਛੇ ਬਿਠਾਏ ਹੋਏ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਚੜ੍ਹਤ ਦੇ ਦੌਰ ਵਿੱਚ ਇੱਕ ਵਾਰੀ ਸੱਦਾ ਦਿੱਤਾ ਸੀ ਕਿ ਭਾਰਤ ਦੇ ਹਰ ਨਾਗਰਿਕ ਵਾਸਤੇ ਵੋਟ ਪਾਉਣਾ ਜ਼ਰੂਰੀ ਕਰ ਦੇਣਾ ਚਾਹੀਦਾ ਹੈ ਤੇ ਜਿਹੜਾ ਨਾਗਰਿਕ ਵੋਟ ਨਾ ਪਾਉਣ ਜਾਵੇ, ਉਸ ਨੂੰ ਜੇਲ੍ਹ ਵਿੱਚ ਤਾੜ ਦੇਣਾ ਚਾਹੀਦਾ ਹੈ। ਮੈਂ ਓਦੋਂ ਵੀ ਲਿਖਿਆ ਸੀ ਕਿ ਏਦਾਂ ਦਾ ਕੋਈ ਕਾਨੂੰਨ ਬਣੇਗਾ ਤਾਂ ਇਸ ਦਾ ਵਿਰੋਧ ਕਰ ਕੇ ਜੇਲ੍ਹ ਜਾਣ ਨੂੰ ਸਭ ਤੋਂ ਪਹਿਲਾਂ ਮੈਂ ਤਿਆਰ ਹੋਵਾਂਗਾ। ਛੱਤੀ ਵਰਤ ਰੱਖਣ ਦੇ ਬਾਅਦ ਵੀ ਜਿਹੜੀ ਕੁੜੀ ਦੇ ਪੱਲੇ ਸਿਰੇ ਦਾ ਨਖੱਟੂ ਤੇ ਨਾਲਾਇਕ ਪਤੀ ਪੈ ਜਾਵੇ, ਉਹ ਉਮਰ ਭਰ ਬਾਕੀ ਕੁੜੀਆਂ ਨੂੰ ਇਹੋ ਸਲਾਹ ਦੇਵੇਗੀ ਕਿ ਵਰਤਾਂ ਦੇ ਬਾਅਦ ਵੀ ਏਹੋ ਜਿਹਾ ਨਿਕੰਮਾ ਬੰਦਾ ਮਿਲਣਾ ਹੈ ਤਾਂ ਏਦਾਂ ਦਾ ਉਂਜ ਹੀ ਮਿਲ ਜਾਵੇਗਾ, ਭੁੱਖੇ ਮਰਨ ਦੀ ਲੋੜ ਨਹੀਂ। ਭਾਰਤੀ ਲੋਕਾਂ ਦੇ ਪੱਲੇ ਵੀ ਅੱਜ ਵਰਗੇ ਆਗੂ ਹੀ ਪੈਂਦੇ ਰਹਿਣ ਕਰ ਕੇ ਕਈਆਂ ਦੇ ਮੂੰਹੋਂ ਇਹ ਨਿਕਲ ਜਾਂਦਾ ਹੈ ਕਿ ਜਦੋਂ ਇਹ ਚੋਰ-ਠੱਗ ਹੀ ਕਰਮਾਂ ਵਿੱਚ ਲਿਖੇ ਹਨ ਅਤੇ ਜਿਹੜਾ ਵੀ ਆਵੇ, ਉਸ ਨੇ ਇਹੋ ਕਰਨਾ ਹੈ ਤਾਂ ਵੋਟ ਪਾਉਣੀ ਛੱਡ ਦੇਈਏ।

ਪਿਛਲੀ ਵਾਰ ਸਾਡੇ ਪੰਜਾਬ ਦੇ ਲੋਕਾਂ ਨੇ ਇਹ ਸੋਚ ਕੇ ਅਕਾਲੀ-ਭਾਜਪਾ ਨੂੰ ਹਰਾਇਆ ਸੀ ਕਿ ਉਨ੍ਹਾਂ ਨੇ ਲੁੱਟ-ਖੋਹ ਤੇ ਖਰੂਦ ਦੀ ਸਿਖਰ ਕਰ ਦਿੱਤੀ ਹੈ, ਇਹ ਹਾਰਨਗੇ ਤਾਂ ਜਿਹੜਾ ਵੀ ਆਊ, ਇਨ੍ਹਾਂ ਤੋਂ ਬੁਰਾ ਨਹੀਂ ਹੋਣ ਲੱਗਾ। ਜਿੰਨੀ ਲੁੱਟ ਉਸ ਟੋਲੀ ਨੇ ਮਚਾਈ ਸੀ, ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਨਵੀਂ ਲੁਟੇਰੀ ਧਾੜ ਨੇ ਉਸ ਤੋਂ ਵੱਧ ਮਚਾਈ ਰੱਖੀ ਹੈ। ਜਦੋਂ ਇਹ ਰਾਜ ਸਿਰੇ ਲੱਗਣ ਲੱਗਾ, ਲੋਕ ਅਗਲੀਆਂ ਚੋਣਾਂ ਵੱਲ ਝਾਕਣ ਲੱਗੇ, ਇਸ ਪਾਰਟੀ ਦੇ ਵਿੱਚੋਂ ਏਦਾਂ ਦੀ ਆਵਾਜ਼ ਉੱਠ ਪਈ ਕਿ ਮੁੱਖ ਮੰਤਰੀ ਮਾੜਾ ਹੈ, ਕੱਖ ਨਹੀਂ ਕਰਦਾ ਤੇ ਸਿਰਫ ਐਸ਼ ਕਰਦਾ ਹੈ, ਇਹ ਕੱਢ ਕੇ ਕਿਸੇ ਨਵੇਂ ਨੂੰ ਕਮਾਨ ਸੌਂਪ ਦੇਈਏ ਤਾਂ ਪਾਪ ਕੱਟੇ ਜਾਣਗੇ, ਪਰ ਨਤੀਜਾ ਇਹ ਨਿਕਲਿਆ ਕਿ ਨਵੀਂ ਸਰਕਾਰ ਪਹਿਲੀ ਲੁਟੇਰੀ ਧਾੜ ਵਿੱਚ ਅਜੇ ਤੱਕ ਖਾਲੀ ਹੱਥ ਬੈਠੇ ਕੁਝ ਹੋਰ ਮਿਲਾ ਕੇ ਇਹ ਵੀ ਓਸੇ ਰਾਹ ਪੈ ਗਈ। ਕੋਈ ਵਿਰਲਾ-ਵਾਂਝਾ ਬਚਿਆ ਹੈ ਤਾਂ ਉਹ ਵੀ ਸ਼ਾਇਦ ਲੁਕਵੀਂ ਮਾਰ ਮਾਰਦਾ ਹੋਵੇਗਾ, ਬਹੁਤੇ ਵਜ਼ੀਰਾਂ ਨੇ ਅਸਲੋਂ ਸ਼ਰਮ ਲਾਹੀ ਪਈ ਹੈ। ਪੰਜਾਬ ਦੇ ਲੋਕਾਂ ਵਿੱਚ ਚਰਚਾ ਹੈ ਕਿ ਜਿਹੜੇ ਨਵੇਂ ਮੰਤਰੀ ਬਣਾਏ ਹਨ, ਉਨ੍ਹਾਂ ਦੀ ਲੜਾਈ ਕੈਪਟਨ ਅਮਰਿੰਦਰ ਸਿੰਘ ਵਾਲੇ ਦੁਰ-ਪ੍ਰਬੰਧ ਵਿਰੁੱਧ ਨਹੀਂ, ਸਿਰਫ ਇਸ ਗੱਲ ਦੀ ਸੀ ਕਿ ਅਸੀਂ ਵੀ ਖਰਚ ਕਰ ਕੇ ਚੋਣ ਜਿੱਤੇ ਸਾਂ, ਅਮਰਿੰਦਰ ਸਿੰਘ ਤੇ ਉਸ ਨਾਲ ਜੁੜੇ ਹੋਏ ਚੇਲੇ-ਚਾਂਟੇ ਇਕੱਲੇ ਖਾ ਰਹੇ ਹਨ। ਖਾਣ-ਪੀਣ ਦੀ ਇਸ ਖੇਡ ਦੀ ਕਦੀ ਚਰਚਾ ਤੱਕ ਨਹੀਂ ਕੀਤੀ ਜਾਂਦੀ, ਚਾਲੂ ਕਿਸਮ ਦੀ ਬਿਆਨਬਾਜ਼ੀ ਹੁੰਦੀ ਹੈ ਤੇ ਅਸਲ ਮੁੱਦਿਆਂ ਦੀ ਬਜਾਏ ਇੱਕ-ਦੂਸਰੇ ਬਾਰੇ ਨਿੱਜੀ ਪੱਧਰ ਦੀ ਚਾਂਦਮਾਰੀ ਨੂੰ ਸਿਖਰਾਂ ਉੱਤੇ ਪੁਚਾਇਆ ਪਿਆ ਹੈ। ਅੱਜ-ਕੱਲ੍ਹ ਇਹ ਗੱਲ ਬੜਾ ਵੱਡਾ ਮੁੱਦਾ ਬਣੀ ਪਈ ਹੈ ਕਿ ਕੌਣ ਆਪਣਾ ਬਚਾਅ ਕਰਨ ਲਈ ਕਿਸ ਦੇ ਪੈਰੀਂ ਪਿਆ ਸੀ, ਜਦ ਕਿ ਅਸੀਂ ਪੱਤਰਕਾਰੀ ਖੇਤਰ ਵਾਲੇ ਲੋਕ ਜਾਣਦੇ ਹਾਂ ਕਿ ਸੇਕ ਲੱਗਦਾ ਵੇਖ ਕੇ ਇੱਕ-ਦੂਸਰੇ ਦੇ 'ਪੈਰੀਂ-ਪੈਣਾ' ਕਰਨ ਲਈ ਇਹ ਸਾਰੇ ਜਣੇ ਚਲੇ ਜਾਂਦੇ ਸਨ ਅਤੇ ਅੱਗੋਂ ਵੀ ਜਾਂਦੇ ਰਹਿਣਗੇ।

ਆਮ ਆਦਮੀ ਨਾਲ ਲੋਕਤੰਤਰ ਵਿੱਚ ਕਿੱਦਾਂ ਵਿਹਾਰ ਹੁੰਦਾ ਹੈ, ਇਸ ਬਾਰੇ ਸਾਰੇ ਦੇਸ਼ ਦੇ ਹਾਲਾਤ ਦੀ ਢੇਰੀ ਫੋਲਣ ਦੀ ਬਜਾਏ ਅਸੀਂ ਸਿਰਫ ਪੰਜਾਬ ਦੇ ਕੁਝ ਚੋਣਵੇਂ ਮੁੱਦੇ ਲੈ ਲਈਏ ਤਾਂ ਤਸਵੀਰ ਦਿੱਸ ਪੈਂਦੀ ਹੈ। ਚੌਦਾਂ ਕੁ ਸਾਲ ਪਹਿਲਾਂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਨੌਂ ਹਜ਼ਾਰ ਨੌਂ ਸੌ ਨੜ੍ਹਿੰਨਵੇਂ ਟੀਚਰਾਂ ਦੀ ਭਰਤੀ ਕੀਤੀ ਸੀ, ਆਪਣੇ ਦਸ ਸਾਲ ਉਸ ਵੇਲੇ ਭਰਤੀ ਕੀਤੇ ਨੌਜਵਾਨਾਂ ਨੂੰ ਨੌਕਰੀ ਉਹ ਨਹੀਂ ਦੇ ਸਕੇ ਤੇ ਅਗਲੇ ਪੰਜ ਸਾਲ ਕਾਂਗਰਸੀਆਂ ਨੇ ਉਨ੍ਹਾਂ ਨੂੰ ਲਾਰਿਆਂ ਦੇ ਲਾਲੀਪਾਪ ਚਟਾਉਂਦਿਆਂ ਗੁਜ਼ਾਰ ਦਿੱਤੇ, ਪਰ ਪੱਲੇ ਕੁਝ ਨਹੀਂ ਪਾਇਆ। ਦੀਵਾਲੀ ਆਈ ਤਾਂ ਸੁਹਾਗਣਾਂ ਦਾ ਕਰਵਾ ਚੌਥ ਦਾ ਵਰਤ ਪੰਜਾਬ ਦੀ ਇੱਕ ਧੀ ਨੇ ਪਾਣੀ ਵਾਲੀ ਟੈਂਕੀ ਉੱਤੇ ਅੱਧ-ਅਸਮਾਨੇ ਤਾਰਿਆਂ ਦੀ ਛਾਵੇਂ ਰੱਖਿਆ ਸੀ ਤੇ ਇਸ ਦੀ ਖਬਰ ਸਾਰੇ ਮੀਡੀਏ ਵਿੱਚ ਆਈ, ਪਰ ਇੱਕ ਵੀ ਅਜੋਕਾ ਜਾਂ ਸਾਬਕਾ ਸਿਆਸੀ ਆਗੂ ਉਸ ਦੀ ਸਾਰ ਲੈਣ ਨਹੀਂ ਗਿਆ, ਕਿਉਂਕਿ ਮੰਤਰੀ ਬਣ ਜਾਣ ਪਿੱਛੋਂ ਇਹ ਅਸਲ ਵਿੱਚ ਆਗੂ ਵੀ ਨਹੀਂ ਰਹਿੰਦੇ, ਹਾਕਮ ਬਣ ਜਾਇਆ ਕਰਦੇ ਹਨ। ਆਪਣੇ ਬੱਚੇ ਨੂੰ ਪੰਜ ਮਿੰਟ ਦੇਰ ਨਾਲ ਖਾਣਾ ਮਿਲੇ ਤਾਂ ਨੌਕਰਾਂ ਦੀ ਜਾਨ ਕੱਢਣ ਤੱਕ ਜਾਣ ਵਾਲੇ ਇਹ ਆਗੂ ਬੇਗਾਨੇ ਪੁੱਤਰਾਂ ਅਤੇ ਧੀਆਂ ਨੂੰ ਜ਼ਲੀਲ ਕਰਦੇ ਹਨ ਤਾਂ ਇਸ ਵਿੱਚ ਕਿਸੇ ਰੰਗ ਦੀ ਕੋਈ ਪਾਰਟੀ ਵੀ ਪਿੱਛੇ ਨਹੀਂ ਰਹਿੰਦੀ।

ਅਸੀਂ ਜਦੋਂ ਲੀਡਰਾਂ ਦੇ ਇਸ ਵਿਹਾਰ ਤੋਂ ਦੁਖੀ ਹੁੰਦੇ ਹਾਂ, ਫਿਰ ਆਮ ਸਰਕਾਰੀ ਅਫਸਰਾਂ ਅਤੇ ਨਿਆਂ ਕਰਨ ਵਾਲੇ ਜੱਜਾਂ ਤੋਂ ਆਸ ਰੱਖਣ ਲੱਗਦੇ ਹਾਂ, ਪਰ ਓਥੇ ਵੀ ਲੋਕਤੰਤਰ ਦਾ ਬਾਬਾ ਆਦਮ ਨਿਰਾਲਾ ਹੈ। ਵੱਡੇ ਘਰਾਣੇ ਦੀਆਂ ਬੱਸਾਂ ਨੂੰ ਛੱਡਣਾ ਹੋਵੇ ਤਾਂ ਸਿਰਫ ਇੱਕ ਘੰਟੇ ਵਿੱਚ ਛੱਡ ਦੇਣ ਦਾ ਹੁਕਮ ਜਾਰੀ ਹੋ ਜਾਂਦਾ ਹੈ, ਪਰ ਹੋਰ ਮਸਲਿਆਂ ਦੇ ਸੰਬੰਧ ਵਿੱਚ ਜਾਰੀ ਕੀਤੇ ਗਏ ਹੁਕਮ ਸਾਲਾਂ ਬੱਧੀ ਅਮਲ ਤੋਂ ਵਾਂਝੇ ਰਹਿਣ ਦੇ ਬਾਵਜੂਦ ਕਿਸੇ ਨੂੰ ਬਹੁਤੀ ਪ੍ਰਵਾਹ ਨਹੀਂ ਹੁੰਦੀ। ਭਾਰਤ ਦੀਆਂ ਵੱਡੀਆਂ ਅਦਾਲਤਾਂ ਵਿੱਚ 'ਅੰਕਲ-ਜੱਜ' ਦਾ ਰੌਲਾ ਕਈ ਵਾਰ ਪੈਂਦਾ ਸੁਣਿਆ ਹੈ, ਪਰ ਮਰਜ਼ ਦਾ ਇਲਾਜ ਫਿਰ ਵੀ ਕਦੀ ਨਹੀਂ ਹੋਇਆ। 'ਅੰਕਲ-ਜੱਜ' ਦਾ ਅਰਥ ਇਹ ਹੈ ਕਿ ਕਈ ਵਕੀਲਾਂ ਦੇ ਪਰਵਾਰ ਦੇ ਵੱਡੇ ਜੀਅ ਜਿਹੜੀ ਅਦਾਲਤ ਵਿੱਚ ਜੱਜ ਬਣੇ ਬੈਠੇ ਹੋਣ, ਓਸੇ ਅਦਾਲਤ ਵਿੱਚ ਉਨ੍ਹਾਂ ਦਾ ਪੁੱਤਰ-ਨੂੰਹ ਜਾਂ ਧੀ-ਜਵਾਈ ਕਿਸੇ ਕੇਸ ਵਿੱਚ ਪੇਸ਼ ਹੋਣ ਲਈ ਵਕੀਲ ਬਣ ਜਾਣ ਤਾਂ ਕੇਸ ਜਿੱਤਣ ਦੀ ਅੱਧੀ ਗਾਰੰਟੀ ਓਦੋਂ ਹੀ ਹੋ ਜਾਂਦੀ ਹੈ। ਇਹ ਸਿਰਫ ਪਰਵਾਰਾਂ ਪੱਖੋਂ ਹੀ ਨਹੀਂ, ਹੋਰ ਕਈ ਤਰ੍ਹਾਂ ਦੀਆਂ ਸਾਂਝਾਂ ਵਿੱਚ ਵੀ ਵੇਖਿਆ ਜਾਂਦਾ ਹੈ। ਭਾਰਤ ਦੇ ਇੱਕ ਦੱਖਣੀ ਰਾਜ ਵਿੱਚ ਇੱਕ ਮੁੱਖ ਮੰਤਰੀ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਕੇਸ ਉਸ ਜੱਜ ਅੱਗੇ ਪੇਸ਼ ਹੋਣਾ ਸੀ, ਜਿਹੜਾ ਓਸੇ ਮਹੀਨੇ ਪੰਜਾਬ-ਹਰਿਆਣਾ ਹਾਈ ਕੋਰਟ ਤੋਂ ਬਦਲ ਕੇ ਗਿਆ ਸੀ। ਉਸ ਰਾਜ ਦੀ ਹਾਈ ਕੋਰਟ ਵਿੱਚ ਵਕੀਲ ਵੀ ਥੋੜ੍ਹੇ ਨਹੀਂ ਤੇ ਘੱਟ ਅਕਲ ਵਾਲੇ ਵੀ ਨਹੀਂ ਹੋਣਗੇ, ਪਰ ਮੁੱਖ ਮੰਤਰੀ ਨੇ ਕੇਸ ਲੜਨ ਲਈ ਵਕੀਲ ਚੰਡੀਗੜ੍ਹ ਤੋਂ ਮੰਗਵਾਇਆ ਸੀ। ਓਥੇ ਲੋਕ ਹੱਸਦੇ ਸਨ ਕਿ ਇਹ ਵਕੀਲ ਉਸ ਜੱਜ ਸਾਹਿਬ ਨਾਲ ਕਈ ਦਹਾਕੇ ਪਹਿਲਾਂ ਤੋਂ ਹਰ ਸ਼ਾਮ ਬੈਠਦਾ ਆਇਆ ਹੋਣ ਕਰ ਕੇ ਓਥੋਂ ਦੇ ਮੁੱਖ ਮੰਤਰੀ ਨੇ ਇਸ ਨੂੰ ਕੇਸ ਸਿਰਫ ਇਸ ਲਈ ਸੌਂਪਿਆ ਹੈ ਕਿ ਕੇਸ ਜਿੱਤਣ ਦੀ ਗਾਰੰਟੀ ਹੈ। ਹੇਠਲੀਆਂ ਅਦਾਲਤਾਂ ਤੋਂ ਸਿਖਰ ਵਾਲੀ ਸੁਪਰੀਮ ਕੋਰਟ ਤੱਕ ਏਦਾਂ ਦੇ ਚਰਚੇ ਕਈ ਵਾਰ ਚੱਲ ਚੁੱਕੇ ਹਨ, ਕੁਝ ਵਕੀਲਾਂ ਨੇ ਇਸ ਦੀ ਗੱਲ ਛੇੜੀ ਤਾਂ ਉਨ੍ਹਾਂ ਦੇ ਖਿਲਾਫ ਮਾਣ-ਹਾਨੀ ਦੇ ਕੇਸ ਵੀ ਚੱਲ ਪਏ, ਪਰ ਇਹ ਰੌਲਾ ਨਹੀਂ ਰੁਕਿਆ। 'ਅੰਕਲ-ਜੱਜ' ਦੀ ਇਹ ਖੇਡ ਵੀ ਅਸਲ ਵਿੱਚ ਰਾਜਸੀ ਆਗੂਆਂ ਨੇ ਹੀ ਚਲਵਾਈ ਹੋਈ ਹੈ, ਜਿਹੜੇ ਜੱਜ ਬਣਨ ਲਈ ਕਿਸੇ ਨਾਂਅ ਉੱਤੇ ਪ੍ਰਵਾਨਗੀ ਵਾਲੀ ਮੋਹਰ ਲਾਉਣ ਤੋਂ ਪਹਿਲਾਂ ਠੋਕ-ਵਜਾ ਕੇ ਇਹ ਗੱਲ ਯਕੀਨੀ ਕਰਦੇ ਹਨ ਕਿ ਸਾਡੇ ਲਈ ਮੁਸ਼ਕਲ ਖੜੀ ਨਹੀਂ ਕਰੇਗਾ।

ਭਾਰਤ ਦੇ ਲੋਕਤੰਤਰ ਨੇ ਕੋਈ ਪਾਸਾ ਭ੍ਰਿਸ਼ਟ ਕਰਨ ਤੋਂ ਬਖਸ਼ਿਆ ਹੀ ਨਹੀਂ ਤੇ ਲੋਕਾਂ ਦੀ ਆਸ ਦੀ ਆਖਰੀ ਕੰਨੀ ਅਦਾਲਤਾਂ ਤੱਕ ਨੂੰ ਵਲਾਵਾਂ ਪਾਉਣ ਤੱਕ ਦਾ ਕੰਮ ਵੀ ਕਰ ਦਿੱਤਾ ਹੈ। ਕੀ ਇਸ ਨੂੰ ਭਾਰਤ ਦੇ ਲੋਕਤੰਤਰ ਦਾ ਨਿਰਾਲਾਪਣ ਕਿਹਾ ਜਾਵੇ? ਹੋਰਨਾਂ ਦੇਸ਼ਾਂ ਵਿੱਚ ਵੀ ਏਦਾਂ ਹੁੰਦਾ ਹੋਵੇਗਾ, ਪਰ ਭਾਰਤ ਵਿੱਚ ਵੋਟਾਂ ਪਾਉਣ ਤੋਂ ਲੈ ਕੇ ਹਰ ਮਾਮਲਾ ਜਦੋਂ ਭ੍ਰਿਸ਼ਟਾਚਾਰ ਦੇ ਨਾਗ-ਵਲ਼ ਦੀ ਜਕੜ ਵਿੱਚ ਆ ਚੁੱਕਾ ਹੈ ਤਾਂ ਇਹ ਸੋਚਣਾ ਪੈਂਦਾ ਹੈ ਕਿ ਅਗਲੀ ਵਾਰ ਦੀਆਂ ਜਿਨ੍ਹਾਂ ਚੋਣਾਂ ਤੋਂ ਅਸੀਂ ਇੱਕ ਵਾਰ ਫਿਰ ਆਸਾਂ ਲਾਉਣ ਲੱਗੇ ਹਾਂ, ਉਹ ਵੀ ਕੀ ਭਲਾ ਗੁਜ਼ਾਰਨਗੀਆਂ? ਭਾਰਤ ਦੇ ਲੋਕਾਂ ਵਾਸਤੇ ਧੀਰਜ ਬੰਨ੍ਹਾਉਣ ਵਾਲੀ ਕੋਈ ਗੱਲ ਨਹੀਂ ਦਿੱਸਦੀ, ਸਿਰਫ ਇੱਕ ਲੋਕਤੰਤਰ ਦਿੱਸਦਾ ਹੈ, ਅਸਲੋਂ ਖੋਖਲਾ ਜਿਹਾ ਲੋਕਤੰਤਰ।



# ਅਸੀਂ ਕੀ ਨੀ ਕੀਤਾ ਦੇਸ਼ ਖਾਤਰ?

ਬਹੁਤ ਲੰਮਾ ਨਾ ਲਿਖਦੇ ਹੋਏ ਦੱਸਣਾ ਚਾਹੁੰਦੇ ਹਾਂ, ਕੁੱਝ ਸਮਾਂ ਹੋਇਆ ਤਾਲਿਬਾਨ ਨੇ ਅਫਗਾਨਿਸਤਾਨ ਤੇ ਕਬਜਾ ਕਰ ਲਿਆ। ਜਦੋਂ ਕਿ ਅਫਗਾਨਿਸਤਾਨ ਦੀ ਫੋਜ ਦੀ ਗਿਣਤੀ 3 ਲੱਖ ਤੋ ਵੱਧ ਹੋਣ ਦੇ ਨਾਲ-ਨਾਲ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੀ ਹਿਮਾਇਤ ਅਤੇ ਆਧੁਨਿਕ ਹਥਿਆਰ ਵੀ ਦਿੱਤੇ ਹੋਏ ਸਨ।

ਸੰਨ 1897 ਵਿੱਚ ਇਹਨਾਂ ਹੀ ਅਫਗਾਨੀ ਫੋਜਾਂ ਅਤੇ ਲੜਾਕਿਆਂ ਨੇ ਸਾਰਾਗੜੀ ਦੀ ਪੋਸਟ ਤੇ 10 ਹਜਾਰ ਦੀ ਗਿਣਤੀ ਵਿੱਚ ਹਮਲਾ ਕੀਤਾ ਸੀ। ਸਾਡੇ 36 ਸਿੱਖ ਦੇ 21 ਸੂਰਬੀਰਾਂ ਨੇ ਇਹਨਾਂ ਤੇ ਤਾਬੜਤੋੜ ਹਮਲੇ ਨੂੰ ਪਛਾੜ ਕੇ ਸ਼ਹੀਦੀਆਂ ਪਾ ਕੇ ਅਮਰ ਹੋ ਗਏ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਕਲਗੀਧਰ ਪਾਤਸ਼ਾਹ ਦੀ ਬਖਸ਼ੀ ਦਸਤਾਰ ਨੂੰ ਚਾਰ ਚੰਨ ਲਗਾ ਗਏ। ਉਹਨਾਂ ਦੇ ਇਤਿਹਾਸ ਤੋਂ ਉਰਜਾ ਲੈ ਕੇ ਉਹਨਾਂ ਦੇ ਨਕਸ਼ੇ ਕਦਮਾਂ ਤੇ ਚੱਲਦਿਆਂ ਅਸੀ ਸੰਨ 1971 ਵਿੱਚ ਮੁੱਠੀ ਭਰ ਜਵਾਨਾਂ ਨੇ ਸਾਰਾਗੜ੍ਹੀ ਦੀ ਲੜਾਈ ਦੇ ਨਾਲ ਥੋੜੀ ਬਹੁਤੀ ਮਿਲਦੀ ਜੁਲਦੀ ਟੱਕਰ ਲੈ ਕੇ ਬੁੱਕਦੇ ਸ਼ੇਰ ਦੇ ਗਲ ਨੂੰ ਹੱਥ ਪਾਇਆ। 45 ਟੈਂਕ ਅਤੇ ਇੱਕ ਬ੍ਰਿਗੇਡ ਦੇ ਹਮਲੇ ਨੂੰ ਸਿਰਾਂ ਤੇ ਕਫਨ ਬੰਨ ਕੇ ਪਛਾੜਿਆ। ਸਾਡੇ ਕਮਾਂਡ ਉਸ ਵੇਲੇ ਦੇ ਮੇਜਰ ਕੁਲਦੀਪ ਸਿੰਘ ਚਾਂਦਪੁਰੀ ਜੀ ਕਰ ਰਹੇ ਸਨ। ਚੰਗਾ ਤਾਲਮੇਲ, ਜੋਸ਼ ਅਤੇ ਹੋਸ਼ ਅਤੇ ਦੇਸ਼ ਲਈ ਮਰ ਮਿਟਣ ਦਾ ਜਜਬਾ ਹੀ ਸਾਡੀ ਜਿੱਤ ਦਾ ਕਾਰਨ ਬਣਿਆ।

*ਸਮੇਂ-ਸਮੇਂ ਦਾ ਫਰਕ:*

ਸੰਨ 1897 ਵਿੱਚ ਸਾਡੇ ਯੋਧਿਆਂ ਨੇ ਜੰਗ ਜਿੱਤੀ ਤਾਂ ਉਸ ਵੇਲੇ ਅਸੀ ਅੰਗਰੇਜੀ ਸ਼ਾਸ਼ਨ ਦੇ ਅਧੀਨ ਸੀ ਪਰੰਤੂ ਅੰਗਰੇਜਾਂ ਨੇ ਸਾਰਾਗੜੀ ਦੀ ਜੰਗ ਜਿੱਤ ਕੇ ਸ਼ਹੀਦ ਹੋਣ ਵਾਲੇ ਸੂਰਵੀਰਾਂ ਦਾ ਬਣਦਾ ਪੂਰਾ ਸਨਮਾਨ ਕਰਕੇ ਕੁੱਝ ਮੁਰੱਬੇ ਜਮੀਨ ਅਤੇ ਉਸ ਸਮੇਂ ਦੇ ਸਭ ਤੋਂ ਉੱਚੇ ਤਗਮੇ ਦਿੱਤੇ ਸਕੂਲਾਂ ਵਿੱਚ ਉਹਨਾਂ ਦਾ ਇਤਿਆਸ ਪੜਾਇਆ ਜਾਂਦਾ ਹੈ ਜੋ ਕਿ ਸਾਡੇ ਵਾਸਤੇ ਬਹੁਤ ਹੀ ਮਾਣ ਵਾਲੀ ਗੱਲ ਹੈ। ਅਸੀ 1971 ਵਿੱਚ ਜੋ ਲੋਂਗੇਵਾਲਾ ਪੋਸਟ ਤੇ 638 ਬੁਰਜੀ ਕੋਲੋ ਆਏ ਦੁਸ਼ਮਣ ਦੇ ਤੁਫਾਨੀ ਹਮਲੇ ਨੂੰ ਲੋਹੇ ਦੀ ਦੀਵਾਰ ਬਣ ਕੇ ਪਛਾੜਿਆ। ਅਸੀਂ ਇੱਕ ਟੈਂਕ ਅਤੇ 6 ਜਵਾਨ ਗੁਆ ਕੇ ਦੁਸ਼ਮਣ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਕਰਕੇ ਭਜਾਇਆ। ਜੇਕਰ ਕਿਸੇ ਨੂੰ ਕੋਈ ਸ਼ੱਕ ਸੁਭਾ ਹੈ ਤਾਂ ਲੋਂਗੇਵਾਲਾ ਪੋਸਟ ਦੇ ਇਰਧ-ਗਿਰਧ ਜਿੰਦਾ ਅਤੇ ਕੁੱਝ ਬਰਬਾਦ ਟੈਂਕ ਅੱਜ ਵੀ ਖੜੇ ਹਨ। ਤੋਤਲੀਆਂ ਜੁਬਾਨਾਂ ਵਾਲੇ ਬੱਚੇ ਜਵਾਨ ਪਤਨੀਆਂ ਅਤੇ ਬਿਰਧ ਮਾਪਿਆਂ ਦਾ ਮੋਹ ਤਿਆਗ ਕੇ ਦੇਸ਼ ਨਾਲ ਵਫਾਦਾਰੀ ਨਿਭਾਉਣ ਦਾ ਸਬੂਤ ਹੈ। ਲੋਂਗੇਵਾਲਾ ਪੋਸਟ ਦੀ ਪਵਿੱਤਰ ਧਰਤੀ ਅੱਜ ਵੀ ਗਵਾਹੀ ਭਰਦੀ ਹੈ। ਜਿਸ ਦੀ ਨਕਲ ਕਰਕੇ ਜੇ.ਪੀ ਦੱਤਾ ਨੇ ਬਾਰਡਰ ਫਿਲਮ ਵੀ ਬਣਾਈ ਹੈ। ਜੋ ਕਿ ਮਸ਼ਹੂਰ ਤਾਂ ਬਹੁਤ ਹੋਈ। ਸੰਨੀ ਦਿਓਲ ਨੇ ਨਾਮਨਾ ਵੀ ਖੱਟਿਆ ਪਰੰਤੂ ਅਸਲ ਸੱਚਾਈ ਤੋਂ ਹੱਟਕੇ ਹੈ। ਸਾਨੂੰ 1971 ਤੋਂ ਲੈ ਕੇ ਅੱਜ ਤੱਕ ਸਾਰੇ ਹਾਕਮਾਂ ਤੇ ਗਿਲਾ ਹੈ। ਉਹ ਦੇਸ਼ਾਂ ਅਤੇ ਵਿਦੇਸ਼ਾਂ ਵਿੱਚ ਭਾਰਤੀ ਫੋਜ਼ ਵਿੱਚ ਪੰਜਾਬੀਆਂ ਦਾ ਲੋਹਾ ਮਨਵਾਉਣ ਵਾਲੇ ਅਸਲੀ ਹੀਰੋਆਂ ਦੀ ਕਿਸੇ ਨੇ ਬਾਤ ਨਹੀ ਪੁੱਛੀ ਕਿ ਉਹ ਕਿਸ ਹਾਲ ਵਿੱਚ ਹਨ। ਸਾਡਾ ਕਿਸੇ ਤਾਕਤਵਰ ਨੇਤਾ ਨਾਲ ਰਿਸ਼ਤਾਂ ਜਾਂ ਨੇੜਤਾ ਨਹੀਂ ਹੈ। ਅਸੀ ਉਕਤ ਲੜਾਈ ਦੀ ਜਿੱਤ ਸਬੰਧੀ 50 ਸਾਲ ਪੂਰੇ ਹੋਣ ਤੇ ਗੋਲਡਨ ਜੁਬਲੀ ਮਨ੍ਹਾਂ ਰਹੇ ਹਾਂ। ਨਵੀਂ ਪੀੜੀ ਨੂੰ ਫੋਜ਼ ਵਿੱਚ ਭਰਤੀ ਹੋ ਕੇ ਸੇਵਾ ਕਰਨ ਦਾ ਚਾਅ ਕਿਵੇਂ ਹੋਵੇਗਾ। ਜੇਕਰ ਕਾਗਜ ਦੇ ਫੁੱਲਾਂ ਵਿੱਚੋ ਖਸ਼ਬੋ ਲੱਭਣ ਦੀ ਕੋਸ਼ਿਸ਼ ਹੋਵੇਗੀ ਅਤੇ ਬਨਾਵਟੀ ਅਸੂਲਾਂ ਨਾਲ ਸੱਚਾਈ ਛੁਪਾਈ ਜਾਵੇਗੀ।

ਵਿਦੇਸ਼ਾਂ ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਸਰਕਾਰਾਂ ਵੱਲੋ ਕਰੋੜਾਂ ਰੁਪਏ ਦਿੱਤੇ ਜਾ ਰਹੇ ਹਨ। ਸਾਨੂੰ ਖੁਸ਼ੀ ਹੈ ਕਿਉਂਕਿ ਆਪਣਾ ਘਰੋ ਖਰਚ ਕਰ ਕੇ ਕਠਿਨ ਤਪੱਸਿਆ ਕਰਕੇ ਮੈਡਲ ਲੈ ਕੇ ਆਉਂਦੇ ਹਨ ਅਤੇ ਸਾਡੇ ਦੇਸ਼ ਦਾ ਨਾਮ ਉੱਚਾ ਕਰਦੇ ਹਨ ਅਤੇ ਨਵੀ ਪਨੀਰੀ ਨੂੰ ਨਸ਼ਿਆਂ ਤੋਂ ਹੱਟ ਕੇ ਖਿਡਰੀਆਂ ਵਰਗੇ ਸ਼ਰੀਰ ਤਰਾਸ਼ਣ ਦਾ ਸ਼ੋਕ ਪੈਦਾ ਹੁੰਦਾ ਹੈ। ਪਰ ਖਿਡਾਰੀ ਜੇਕਰ ਕਿਸੇ ਵਜਾ ਕਰਕੇ ਜਿੱਤ ਨਾ ਸਕੇ ਤਾਂ ਦੋਬਾਰਾ ਮਿਹਨਤ ਕਰਕੇ ਕੋਸ਼ਿਸ਼ ਕਰ ਸਕਦਾ ਹੈ। ਪਰ ਫੌਜ ਦੇ ਜਵਾਨਾਂ ਦੀ ਸਾਡੇ ਵਾਂਗ ਅਗਨੀ ਪ੍ਰੀਖਿਆ ਹੁੰਦੀ ਹੈ ਅਤੇ ਇੱਕੋ ਹੀ ਮੌਕਾ ਹੁੰਦਾ ਹੈ "ਜਾਂ ਲੜਾਈ ਫਤਹਿ ਕਰਨਾ ਜਾਂ ਤਿਰੰਗੇ ਝੰਡੇ ਵਿੱਚ ਆਉਂਣਾ"। ਪਰ ਸਮੇਂ-ਸਮੇਂ ਦੀ ਹਾਕਮਾਂ ਨੇ ਸਾਡੀ ਦੇਸ਼ ਭਗਤੀ ਅਤੇ ਹੋਰ ਬਹੁਤ ਸਾਡੇ ਫੋਜੀ ਜਵਾਨਾਂ ਦੀ ਬਹਾਦਰੀ ਨੂੰ ਬੋਨਾ ਕਰਕੇ ਦੇਖਿਆ ਹੈ। ਸੰਨ 1971 ਦੀ ਲੋਂਗੇਵਾਲਾ ਦੀ ਲੜਾਈ ਜਿੱਤਣ ਵਾਲੇ ਸਾਡੇ ਸਾਥੀ ਬਹੁਤ ਸਾਰੇ ਵੱਖਰੇ-ਵੱਖਰੇ ਕਾਰਨਾਂ ਜਾਂ ਬਿਮਾਰੀ ਕਾਰਨ ਪਰਲੋਕ ਸਿਧਾਰ ਗਏ ਹਨ ਅਤੇ ਧਰਮਰਾਜ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਹਿਸਾਬ ਕਿਤਾਬ ਦੇ ਚੁੱਕੇ ਹਨ। ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਜੀ (ਜੋ ਕਿ ਉਸ ਸਮੇਂ ਮੇਜਰ ਸਨ ) ਵੀ ਸਾਲ 2019 ਵਿੱਚ ਦੁਨੀਆ ਨੂੰ ਅਲਵਿਦਾ ਕਹਿ ਚੁੱਕੇ ਹਨ। ਅਸੀਂ ਕੁੱਝ ਕੁ ਸਾਥੀ ਜਿਉਂਦੇ ਹਾਂ ਅਤੇ ਬਜੁਰਗ ਅਵਸਥਾ ਵਿੱਚ ਹਾਂ ਅਤੇ ਪਰਮਾਤਮਾਂ ਦਾ ਸ਼ੁਕਰਾਨਾਂ ਕਰਦੇ ਹੋਏ ਆਪਣੇ ਪਰਿਵਾਰਾਂ ਵਿੱਚ ਰਹਿ ਰਹੇ ਹਾਂ ਅਤੇ ਪਰਮਾਂਤਮਾਂ ਅੱਗੇ ਸ਼ੁਕਰਾਨਾਂ ਕਰਦੇ ਹਾਂ ਕਿ ਸਾਨੂੰ ਦੇਸ਼ ਸੇਵਾ ਕਰਨ ਦਾ ਬਲ ਬਖਸ਼ਿਆ ਜੋ ਹਰੇਕ ਦੇ ਹਿੱਸੇ ਵਿੱਚ ਨਹੀਂ ਆਉਂਦਾ ਹੈ। ਸਾਡੇ ਭਾਰਤ ਵਰਸ਼ ਦੇ ਆਮ ਲੋਕਾਂ ਨੂੰ ਸਾਡੀ ਲੜਾਈ ਦੀ ਅਸਲੀਅਤ ਦਾ ਜਦੋਂ ਪਤਾ ਲੱਗਦਾ ਹੈ ਤਾਂ ਸਾਨੂੰ ਬਹੁਣ ਜਿਆਦਾ ਮਾਣ ਸਨਮਾਨ ਕਰਦੇ ਹਨ ਅਤੇ ਹੈਰਾਨ ਵੀ ਹੁੰਦੇ ਹਨ। ਸਟੇਜਾਂ ਤੇ ਅੱਡੀਆਂ ਚੱਕ-ਚੱਕ ਕੇ ਭਾਸ਼ਣ ਕਰਨ ਵਾਲੇ ਆਖੋਤੀ ਦੇਸ਼ ਭਗਤਾਂ ਨੇ ਸਾਨੂੰ 1971 ਤੋਂ ਲੈ ਕੇ ਅੱਜ ਤੱਕ ਸਰੋਪੇ ਦੀ ਜਗਾ ਰੁਮਾਲ ਜਾਂ ਕਿਰਪਾਣ ਦੀ ਥਾਂ ਤੇ ਛੁਰੀ ਤੱਕ ਵੀ ਨਹੀ ਦਿੱਤੀ। ਦੂਸਰੇ ਪਾਸੇ ਪੱਗਾਂ ਬਣ ਕੇ ਨਕਲੀ ਸਿੱਖ ਬਣ ਕੇ ਨਕਲੀ ਫਿਲਮਾਂ ਬਣਾਉਣ ਵਾਲਿਆਂ ਨੂੰ ਵੱਡੇ-ਵੱਡੇ ਇਨਾਮ ਦੇ ਕੇ ਐਮ.ਪੀ ਤੱਕ ਬਣਾ ਕੇ ਵੱਡੀਆਂ-ਵੱਡੀਆਂ ਸਹੂਲਤਾਂ ਤੱਕ ਵੀ ਦਿੱਤੀਆਂ ਜਾਂਦੀਆਂ ਹਨ। ਇਹ ਨੱਚਣ ਗਾਉਣ ਵਾਲੇ ਅਤੇ ਫਿਲਮੀ ਹੀਰੋ ਮਨੋਰੰਜਣ ਦਾ ਤਾਂ ਚੰਗਾ ਸਾਧਨ ਹਨ ਪਰੰਤੂ ਦੇਸ਼ ਦੇ ਕੋਈ ਮੁਸੀਬਤ ਪੈਣ ਤੇ ਭੱਖਦੇ ਕੌਲਿਆਂ ਤੇ ਚਲ ਕੇ ਸਖਤ ਪ੍ਰੀਖਿਆ ਵਿੱਚੋ ਕੋਮਲ ਸ਼ਰੀਰਾਂ ਵਾਲੇ ਪਾਸ ਨਹੀ ਹੋ ਸਕਦੇ। ਫੋਜ਼ ਦੇ ਜਵਾਨ ਕਿਸੇ ਇੱਕ ਪਾਰਟੀ ਦੇ ਵਫਾਦਾਰ ਸਿਪਾਹੀ ਨਾਂ ਹੋ ਕੇ ਪੂਰੇ ਭਾਰਤ ਵਰਸ਼ ਦੇ ਵਫਾਦਾਰ ਸਿਪਾਹੀ ਹੁੰਦੇ ਹਨ ਅਤੇ ਸਾਡੇ ਨੇਤਾ ਤਾਂ ਸਿਰਫ ਪਾਰਟੀ ਦੇ ਵਫਾਦਾਰ ਹੁੰਦੇ ਹਨ। ਉਹ ਵੀ ਜਰੂਰੀ ਨਹੀ ਹੈ ਕੁਰਸੀ ਦੀ ਖਾਤਰ ਕਿਸੇ ਵੀ ਪਾਰਟੀ ਵਿੱਚ ਚਲੇ ਜਾਂਦੇ ਹਨ ਜਾਂ ਸਮਰਥਨ ਕਰ ਲੈਂਦੇ ਹਨ। ਸਾਂਝੇ ਬਾਬੇ ਨੂੰ ਕੋਈ ਨੀ ਪੁੱਛਦਾ। ਅਸੀਂ ਤਾਂ ਇਹ ਆਪਣੇ ਮਨ ਦਾ ਕੁੱਝ ਗੁਭਾਰ ਹੀ ਕੱਢਿਆ ਹੈ। ਅਸੀ ਅੱਜ ਵੀ ਆਪਣੇ ਦੇਸ਼ ਲਈ ਕੁਰਬਾਨੀ ਦੇਣ ਲਈ ਹਮੇਸ਼ਾਂ ਤਿਆਰ ਬੈਠੇ ਹਾਂ ਅਤੇ ਚਾਹੁੰਦੇ ਹਾਂ ਕਿ ਫੋਜੀਆਂ ਨੂੰ ਆਪਣਾ ਬਣਦਾ ਮਾਣ ਸਨਮਾਣ ਹਮੇਸ਼ਾਂ ਮਿਲਦਾ ਰਹਿਣਾ ਚਾਹੀਦਾ ਹੈ ਅਤੇ ਫੋਜੀਆਂ ਦੀ ਕੁਰਬਾਨੀਆਂ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ। ਕਿਉਂਕਿ ਜੋ ਦੇਸ਼ ਕੋਮ ਆਪਣੇ ਸ਼ਹੀਦਾਂ ਅਤੇ ਉਹਨਾਂ ਦੇ ਇਤਿਹਾਸ ਨੂੰ ਭੁੱਲ ਜਾਂਦੀ ਹੈ ਉਹ ਕੋਮ ਜਿਆਦਾ ਦੇਰ ਤੱਕ ਨਹੀ ਰਹਿ ਸਕਦੀ ਹੈ।




ਸਾਲ 1971 ਦੀ ਲੋਂਗੋਵਾਲ ਦੀ ਪੋਸਟ ਦੀ ਪਾਕਿਸਤਾਨ ਨਾਲ ਲੜਾਈ ਜਿੱਤਣ ਵਾਲੇ ਪੰਜਾਬੀ ਯੋਧਿਆਂ ਦੀ ਇੱਕ ਸਾਂਝੀ ਤਸਵੀਰ

*-ਜਗਦੇਵ ਸਿੰਘ ਸਾਬਕਾ ਫੌਜੀ*
*ਪਿੰਡ ਘੱਲ ਖੁਰਦ*
*ਜਿਲ੍ਹਾ ਫਿਰੋਜ਼ਪੁਰ।*
*98888-97963*

# ਹਾਕੀ ਓਲੰਪੀਅਨ ਬਲਬੀਰ ਸਿੰਘ ਦਾ ਚਿੱਤਰ ਅਜਾਇਬ ਘਰ ਵਿਚ ਸੁਸ਼ੋਭਤ ਕਰਨ ਬਾਰੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਖੁੱਲ੍ਹਾ ਖ਼ਤ

ਪ੍ਰਿੰਸੀਪਲ ਸਰਵਣ ਸਿੰਘ


ਅਖ਼ਬਾਰਾਂ ਵਿਚ ਖ਼ਬਰ ਛਪੀ ਹੈ ਕਿ ਤਿੰਨ ਸਿੱਖ ਸ਼ਖਸੀਅਤਾਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤੇ ਗਏ ਹਨ। ਕੁਝ ਸਮਾਂ ਪਹਿਲਾਂ ਚਾਰ ਸਿੱਖ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤੀਆਂ ਸਨ। ਅਜਿਹੇ ਸ਼ੁਭ ਕਾਰਜ ਲਈ ਕਮੇਟੀ ਨੂੰ ਲੱਖ ਲੱਖ ਵਧਾਈਆਂ! ਕਮੇਟੀ ਨੇਬਲਵੀਰ ਸਿੰਘ ਦੇ ਅਕਾਲ ਚਲਾਣੇ ਉਪਰੰਤ ਜੂਨ 2020 ਵਿਚ ਮਤਾ ਪਾਸ ਕੀਤਾ ਸੀ ਕਿ ਗੁਰਿਸੱਖ ਹਾਕੀ ਖਿਡਾਰੀ ਆਈਕੌਨਿਕ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤੀ ਜਾਵੇਗੀ। ਉਦੋਂ ਭਾਈ ਗੋਬਿੰਦ ਸਿੰਘ ਲੌਂਗੋਵਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਮੈਂ ਇਕਸੀਨੀਅਰ ਕਮੇਟੀ ਮੈਂਬਰ ਨੂੰ ਯਾਦ ਵੀ ਕਰਵਾਉਂਦਾ ਆ ਰਿਹਾਂ। ਉਸ ਮੈਂਬਰ ਨੇ ਬਲਬੀਰ ਸਿੰਘ ਦੀ ਲੜਕੀਤੋਂ ਉਨ੍ਹਾਂ ਦੇ ਸਵਰਗਵਾਸੀ ਪਿਤਾ ਜੀ ਦੀ ਤਸਵੀਰ ਵੀ ਹਾਸਲ ਕੀਤੀ ਹੋਈ ਹੈ। ਪਰ ਜਦ ਯਾਦ ਕਰਾਓ ਤਾਂ ਕਹਿ ਦਿੰਦੇ ਹਨ ਕਿ ਜਦੋਂ ਤਿੰਨ ਚਾਰ ਤਸਵੀਰਾਂ 'ਕੱਠੀਆਂ ਹੋ ਗਈਆਂ ਤਾਂ ਇਕੱਠੀਆਂ ਹੀ ਸੁਸ਼ੋਭਿਤ ਕਰਾਂਗੇ। ਅਜਿਹੇ ਮੌਕੇ ਕਈ ਵਾਰ ਜੁੜ ਚੁੱਕੇ ਹਨ ਪਰ ਵਿਸ਼ਵ ਦੇ ਅੱਵਲ ਨੰਬਰ ਹਾਕੀ ਖਿਡਾਰੀ ਬਲਬੀਰ ਸਿੰਘ ਦੀ ਤਸਵੀਰ ਅਜੇ ਤਕ ਵੀ ਸ਼ਸ਼ੋਭਿਤ ਨਹੀਂ ਕੀਤੀ ਗਈ। ਉਨ੍ਹਾਂ ਦੀ ਪੁੱਤਰੀ ਸੁਸ਼ਬੀਰ ਕੌਰ ਵੀ ਵਾਰ ਵਾਰ ਯਾਦ ਕਰਵਾ ਚੁੱਕੀ ਹੈ। ਬਲਬੀਰ ਸਿੰਘ ਦਾ ਚਿੱਤਰ ਸਜਾਉਣ ਨਾਲ ਸਿੱਖ ਕੌਮ ਦੀ ਸ਼ਾਨ ਹੀ ਵਧਣੀ ਹੈ, ਕਿਸੇ ਪਰਿਵਾਰ ਦੀ ਨਹੀਂ।



ਸਰਦਾਰ ਬਲਬੀਰ ਸਿੰਘ ਸਿੱਖ ਕੌਮ ਦੇ ਮਾਣ ਹਨ ਜਿਨ੍ਹਾਂ ਨੇ ਪੂਰਨ ਗੁਰਿਸੱਖ ਰਹਿੰਦਿਆਂ ਵਿਸ਼ਵ ਭਰ ਵਿਚ ਸਿੱਖ ਸਰੂਪ ਦੀ ਪ੍ਰਦਰਸ਼ਨੀ ਕੀਤੀ। ਉਨ੍ਹਾਂ ਨੇ ਓਲੰਪਿਕ ਖੇਡਾਂ ਵਿਚੋਂ ਤਿੰਨ ਗੋਲਡ ਮੈਡਲ ਜਿੱਤੇ, ਭਾਰਤੀ ਟੀਮ ਦੀ ਕਪਤਾਨੀ ਕੀਤੀ ਤੇ ਭਾਰਤੀ ਹਾਕੀ ਟੀਮਾਂ ਦੇ ਕੋਚ/ਮੈਨੇਜਰ ਬਣ ਕੇ ਵਿਸ਼ਵ ਹਾਕੀ ਕੱਪ ਸਮੇਤ ਭਾਰਤ ਨੂੰਸੱਤ ਮੈਡਲ ਜਿਤਵਾਏ। ਲੰਡਨ-2012 ਦੀਆਂ ਓਲੰਪਿਕ ਖੇਡਾਂ ਵੇਲੇ ਅੰਤਰਾਸ਼ਟਰੀ ਓਲੰਪਿਕ ਕਮੇਟੀ ਨੇ ਉਨ੍ਹਾਂ ਨੂੰ ਓਲੰਪਿਕ ਖੇਡਾਂ ਦੇ ਇਤਿਹਾਸ ਦਾ ਸਰਵੋਤਮ ਹਾਕੀ ਖਿਡਾਰੀ ਐਲਾਨਿਆਸੀ ਤੇ ਆਈਕੌਨਿਕ ਓਲੰਪੀਅਨ ਦਾ ਖਿਤਾਬ ਦਿੱਤਾ ਸੀ ਜੋ ਹੁਣ ਤਕ ਕੇਵਲ ਇਕੋ ਭਾਰਤੀ ਖਿਡਾਰੀ ਨੂੰ ਹੀ ਮਿਲਿਆ ਹੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿਚ ਨੀਦਰਲੈਂਡਜ਼ ਵਿਰੁੱਧ ਬਲਬੀਰ ਸਿੰਘ ਦੇ ਕੀਤੇ 5 ਗੋਲਾਂ ਦਾ ਰਿਕਾਰਡ 72 ਸਾਲਾਂ ਤੋਂ ਅੱਜ ਤਕ ਕਾਇਮ ਹੈ। ਉਹ 97 ਸਾਲ ਦੀ ਉਮਰੇ25 ਮਈ 2020 ਨੂੰ ਚੰਡੀਗੜ੍ਹ ਵਿਚ ਪਰਲੋਕ ਸਿਧਾਰੇ ਸਨ। ਉਨ੍ਹਾਂ ਦਿਨਾਂ ਵਿਚ ਹੀ ਸ਼੍ਰੋਮਣੀ ਕਮੇਟੀ ਦੀ ਕਾਰਜਕਾਰੀ ਕਮੇਟੀ ਨੇ ਬਲਬੀਰ ਸਿੰਘ ਦੀ ਤਸਵੀਰ ਅਜਾਇਬ ਘਰ ਵਿਚ ਸਜਾਉਣ ਦਾ ਮਤਾ ਪਾਸ ਕੀਤਾ ਸੀ ਜਿਸ ਦੀਆਂ ਅਖ਼ਬਾਰਾਂ ਵਿਚ ਖ਼ਬਰਾਂ ਵੀ ਛਪੀਆਂ ਸਨ।

ਸਿੱਖਾਂ ਦਾ ਕੇਂਦਰੀ ਸਰਕਾਰ ਉਤੇ ਗਿਲਾ ਹੈ ਕਿ ਗੁਰਸਿੱਖ ਖਿਡਾਰੀ ਬਲਬੀਰ ਸਿੰਘ ਨੂੰ ਭਾਰਤ ਰਤਨ ਅਵਾਰਡ ਸ਼ਾਇਦ ਇਸ ਕਰਕੇ ਨਹੀਂ ਦਿੱਤਾ ਜਾ ਰਿਹੈਕਿ ਉਹ ਘੱਟਗਿਣਤੀ ਭਾਈਚਾਰੇ ਨਾਲ ਸੰਬੰਧਿਤ ਹਨ ਜਦ ਕਿ ਸਚਿਨ ਤੇਂਦੁਲਕਰ ਨੂੰ ਛੋਟੀ ਉਮਰ ਵਿਚ ਹੀ ਦੇ ਦਿੱਤਾ ਗਿਆ ਹੈ। ਪਰ ਏਥੇ ਤਾਂ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਹੀ ਆਪਣੇ ਗੁਰਸਿੱਖ ਖਿਡਾਰੀ ਨੂੰ ਵਿਸਾਰੀ ਬੈਠੀ ਹੈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਸਾਹਬਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਨੂੰ ਬੇਨਤੀ ਹੈ ਕਿ ਇਹ ਸ਼ੁਭ ਕਾਰਜ ਛੇਤੀ ਨੇਪਰੇ ਚੜ੍ਹਵਾਉਣਤੇਖਿਡਾਰੀ ਜਗਤ ਦੀਆਂ ਖੁਸ਼ੀਆਂ ਪ੍ਰਾਪਤ ਕਰਨ। 31 ਦਸੰਬਰ 2021 ਬਲਬੀਰ ਸਿੰਘ ਦਾ 99ਵਾਂ ਜਨਮ ਦਿਵਸ ਹੈ।ਮੈਂ ਬਲਬੀਰ ਸਿੰਘ ਜੀ ਦੀ ਜੀਵਨੀ 'ਗੋਲਡਨ ਗੋਲ' ਲਿਖੀਹੈ ਜੋ 2015 ਵਿਚ ਛਪੀ ਸੀ। ਉਸ ਉਤੇ ਨਜ਼ਰ ਮਾਰ ਕੇ ਬਲਬੀਰ ਸਿੰਘ ਬਾਰੇ ਬਹੁਤ ਕੁਝ ਜਾਣਿਆਂ ਜਾ ਸਕਦਾ ਹੈ। ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਮੈਂ ਹਾਜ਼ਰ ਹਾਂ।

## ਹਲਕਾ-ਫੁਲਕਾ



ਪੱਪੂ ਦਾਰੂ ਪੀ ਕੇ ਤਾਲਾ ਖੋਲ੍ਹਣ ਲੱਗਾ, ਪਰ ਹੱਥ ਕੰਬਣ ਦੀ ਵਜ੍ਹਾ ਨਾਲ ਤਾਲਾ ਨਹੀਂ ਖੁੱਲ੍ਹ ਰਿਹਾ ਸੀ।
ਬੰਟੀ ਬੋਲਿਆ, "ਮੈਂ ਖੋਲ੍ਹ ਦਿਆਂ?"
ਪੱਪੂ, "ਨਹੀਂ, ਮੈਂ ਖੋਲ੍ਹ ਲਵਾਂਗਾ, ਤੂੰ ਬਸ ਘਰ ਨੂੰ ਫੜ ਕੇ ਰੱਖ, ਬਹੁਤ ਹਿੱਲ ਰਿਹੈ।"

******

ਪੱਪੂ ਆਪਣੇ ਸਹੁਰੇ ਗੁਰੂ ਦੇ ਪ੍ਰਵਚਨ ਸੁਣਨ ਗਿਆ। ਗੁਰੂ ਜੀ ਬੋਲੇ, "ਜਿਹੜੇ ਲੋਕ ਸਵਰਗ ਜਾਣਾ ਚਾਹੁੰਦੇ ਹਨ, ਉਹ ਹੱਥ ਉਪਰ ਕਰੋ।"
ਪੱਪੂ ਦੀ ਸੱਸ ਤੇ ਪਤਨੀ ਨੇ ਹੱਥ ਉਪਰ ਕਰ ਦਿੱਤੇ।
ਗੁਰੂ ਜੀ ਨੇ ਪੱਪੂ ਨੂੰ ਪੁੱਛਿਆ, "ਕੀ ਤੂੰ ਸਵਰਗ ਨਹੀਂ ਜਾਣਾ ਚਾਹੁੰਦਾ?"
ਪੱਪੂ, "ਗੁਰੂ ਜੀ! ਇਹ ਦੋਵੇਂ ਚਲੀਆਂ ਜਾਣਗੀਆਂ, ਮੇਰਾ ਤਾਂ ਇੱਥੇ ਹੀ ਸਵਰਗ ਹੋ ਜਾਵੇਗਾ।"

******

ਇੱਕ ਦਸ ਸਾਲ ਦਾ ਬੱਚਾ ਬਹੁਤ ਧਿਆਨ ਨਾਲ ਇੱਕ ਕਿਤਾਬ ਪੜ੍ਹ ਰਿਹਾ ਸੀ, ਜਿਸ ਦਾ ਟਾਈਟਲ ਸੀ 'ਬੱਚਿਆਂ ਦਾ ਪਾਲਣ-ਪੋਸ਼ਣ ਕਿਵੇਂ ਕਰੀਏ?"
ਬੱਚੇ ਦੀ ਮਾਂ, "ਤੂੰ ਇਸ ਕਿਤਾਬ ਨੂੰ ਕਿਉਂ ਪੜ੍ਹ ਰਿਹਾ ਹੈਂ?"
ਬੱਚਾ, "ਮੈਂ ਇਹ ਦੇਖਣਾ ਚਾਹੁੰਦਾ ਹਾਂ ਕਿ ਮੇਰਾ ਪਾਲਣ-ਪੋਸ਼ਣ ਠੀਕ ਢੰਗ ਨਾਲ ਹੋ ਰਿਹਾ ਹੈ ਕਿ ਨਹੀਂ।"

******

ਨਿਸ਼ੂ (ਮਨੂੰ ਨੂੰ), "ਚੰਗਾ ਹੋਇਆ, ਮੈਂ ਮਹਾਰਾਸ਼ਟਰ ਵਿੱਚ ਪੈਦਾ ਨਹੀਂ ਹੋਇਆ?"
ਮਨੂੰ, "ਕਿਉਂ?"
ਨਿਸ਼ੂ, "ਕਿਉਂਕਿ ਮੈਨੂੰ ਮਰਾਠੀ ਭਾਸ਼ਾ ਦਾ ਇੱਕ ਅੱਖਰ ਵੀ ਨਹੀਂ ਆਉਂਦਾ।"

*******

ਲਵਲੀਨ (ਆਪਣੇ ਭਰਾ ਜਿੰਮੀ ਨੂੰ), "ਜਿੰਮੀ ਵੀਰੇ, ਮੈਂ ਬਰਫ ਖਾਵਾਂਗੀ।"
ਜਿੰਮੀ, "ਸਰਦੀਆਂ ਵਿੱਚ ਬਰਫ ਨਹੀਂ ਖਾਈਦੀ।"
ਲਵਲੀਨ, "ਮੈਂ ਗਰਮ ਕਰ ਕੇ ਖਾ ਲਵਾਂਗੀ।"

*******

ਕਮਲ, "ਮੇਰੇ ਡੈਡੀ ਬਹੁਤ ਬਹਾਦਰ ਹਨ।"
ਵਿਨੋਦ, "ਉਹ ਕਿਵੇਂ?"
ਕਮਲ, "ਮੇਰੀ ਦਾਦੀ ਕਹਿੰਦੇ ਹਨ ਕਿ ਉਹ ਬਚਪਨ ਵਿੱਚ ਰੋਂਦੇ ਸੀ ਤਾਂ ਸਾਰਾ ਘਰ ਸਿਰ ਉੱਤੇ ਉਠਾ ਲੈਂਦੇ ਸੀ।"



# ਮੁਲਾਜ਼ਮ ਦੀ ਬਦਲੀ ਕਾਰਨ ਹਾਈ ਕੋਰਟ ਵੱਲੋਂ ਮਨਪ੍ਰੀਤ ਸਿੰਘ ਬਾਦਲ ਨੂੰ ਝਟਕਾ

ਚੰਡੀਗੜ੍ਹ, 28 ਨਵੰਬਰ (ਪੋਸਟ ਬਿਊਰੋ)- ਬਠਿੰਡਾ ਥਰਮਲ ਪਲਾਂਟ ਦੀ ਮੁਲਾਜ਼ਮ ਯੂਨੀਅਨ ਦੇ ਆਗੂ ਗੁਰਸੇਵਕ ਸਿੰਘ ਦੀ ਬਦਲੀ ਕਰਾਉਣਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਹਾਈ ਕੋਰਟ ਵਿੱਚ ਮਹਿੰਗਾ ਪੈ ਗਿਆ। ਮਨਪ੍ਰੀਤ ਸਿੰਘ ਦੀ ਸਿਫਾਰਸ਼ ਉੱਤੇ ਯੂਨੀਅਨ ਆਗੂ ਦੇ ਬਠਿੰਡਾ ਤੋਂ ਰੋਪੜ ਕੀਤੇ ਤਬਾਦਲੇ ਦੇ ਹੁਕਮ ਹਾਈ ਕੋਰਟ ਦੀ ਸਖਤੀ ਪਿੱਛੋਂ ਕੱਲ੍ਹ ਪੰਜਾਬ ਸਰਕਾਰ ਨੇ ਵਾਪਸ ਲੈ ਕੇ ਇਸ ਬਾਰੇ ਕੋਰਟ ਵਿੱਚ ਜਾਣਕਾਰੀ ਦਿੱਤੀ ਹੈ।

ਇਸ ਪਟੀਸ਼ਨ ਉੱਤੇ ਹਾਈ ਕੋਰਟ ਵਿੱਚ ਸੁਣਵਾਈ ਦੌਰਾਨ ਪੰਜਾਬ ਦੇ ਐਡਵੋਕੇਟ ਜਨਰਲ ਡੀ ਐਸ ਪਟਵਾਲੀਆ ਨੇ ਕੋਰਟ ਨੂੰ ਦੱਸਿਆ ਕਿ ਯੂਨੀਅਨ ਆਗੂ ਦੀ ਬਦਲੀ ਦੇ ਹੁਕਮ ਸਰਕਾਰ ਨੇ ਵਾਪਸ ਲੈ ਲਏ ਹਨ। ਗੁਰਸੇਵਕ ਸਿੰਘ ਨੇ ਇਸ ਬਾਰੇ ਹਾਈ ਕਰੋਟ ਵਿੱਚ ਅਰਜ਼ੀ ਪਾ ਕੇ ਕਿਹਾ ਸੀ ਕਿ ਸਰਕਾਰ ਨੇ ਜਦੋਂ ਬਠਿੰਡੇਦਾ ਥਰਮਲ ਪਲਾਂਟ ਬੰਦ ਕਰਨ ਦਾ ਫੈਸਲਾ ਕੀਤਾ ਸੀ ਤਾਂ ਉਹ ਤੇ ਉਨ੍ਹਾਂ ਦੀ ਯੂਨੀਅਨ ਦੇ ਲੋਕ ਲਗਾਤਾਰ ਇਸ ਦਾ ਵਿਰੋਧ ਕਰ ਰਹੇ ਸਨ। ਇਸ ਕਾਰਨ ਵਿੱਤ



ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੀ ਐਸ ਪੀ ਸੀ ਐਲ (ਪੰਜਾਬ ਪਾਵਰਕਾਮ) ਦੇ ਸੀ ਐਮ ਡੀ ਨੂੰ 26 ਅਕਤੂਬਰ ਨੂੰ ਚਿੱਠੀ ਲਿਖ ਕੇ ਗੁਰਸੇਵਕ ਸਿੰਘ ਦੀ ਬਦਲੀ ਬਠਿੰਡਾ ਤੋਂ ਬਾਹਰ ਕਰਵਾਈ ਸੀ। ਇਸ ਪਿੱਛੋਂ ਉਨ੍ਹਾਂ ਨੂੰ ਤਿੰਨ ਨਵੰਬਰ ਨੂੰ ਬਠਿੰਡਾ ਤੋਂ ਰੋਪੜ ਭੇਜ ਦਿੱਤਾ ਗਿਆ। ਆਪਣੀ ਬਦਲੀ ਦੇ ਹੁਕਮਾਂ ਉਤੇਉਸ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਅਤੇ ਦੱਸਿਆ ਸੀ ਕਿ ਮੁਦੱਈ ਨੇ ਤੀਹ ਅਪ੍ਰੈਲ ਨੂੰ ਸੇਵਾ-ਮੁਕਤ ਹੋਣਾ ਹੈ ਅਤੇ ਨੀਤੀ ਮੁਤਾਬਕ ਜਿਸ ਮੁਲਾਜ਼ਮ ਦੀ ਸੇਵਾ ਮੁਕਤੀ ਵਿੱਚ ਸਾਲ ਤੋਂ ਘੱਟ ਦਾ ਸਮਾਂ ਰਹਿੰਦਾ ਹੋਵੇ, ਉਹਦੀ ਬਦਲੀ ਨਹੀਂ ਕੀਤੀ ਜਾ ਸਕਦੀ।

# ਟੈਂਕੀਆਂ ਉਤੇ ਚੜ੍ਹ ਕੇ ਮੰਗਾਂ ਮੰਨਵਾਉਣੀਆਂ ਸਰਕਾਰ ਨੂੰ ਪ੍ਰਵਾਨ ਨਹੀਂ

*** ਮੁੱਖ ਮੰਤਰੀ ਵੱਲੋਂ ਪ੍ਰਦਰਸ਼ਨਕਾਰੀਆਂ ਉੱਤੇ ਕੇਸ ਦਰਜ ਕਰਨ ਦੇ ਹੁਕਮ**

ਜਲੰਧਰ, 28 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੂੰ ਇਹ ਪ੍ਰਵਾਨ ਨਹੀਂ ਕਿ ਆਪਣੀਆਂ ਮੰਗਾਂ ਮੰਨਵਾਉਣ ਲਈ ਲੋਕ ਟੈਂਕੀਆਂ ਉੱਤੇ ਚੜ੍ਹ ਜਾਣ। ਇਸ ਵਿਹਾਰ ਨੂੰ ਪੰਜਾਬ ਸਰਕਾਰ ਰੋਕਣਾ ਚਾਹੁੰਦੀ ਹੈ। ਕੱਲ੍ਹ ਜਦੋਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਮਹਿਲ ਕਲਾਂ, ਬਰਨਾਲਾ ਤੇ ਤਪਾ ਮੰਡੀ ਦੇ ਦੌਰੇ ਉੱਤੇ ਗਏ ਤਾਂ ਕਈ ਮੁਲਾਜ਼ਮ ਸੰਗਠਨਾਂ ਨੇ ਰੋਸ ਪ੍ਰਦਰਸ਼ਨ ਕੀਤਾ।ਜਦੋਂ ਮੁੱਖ ਮੰਤਰੀ ਚੰਨੀ ਨੇ ਮਹਿਲ ਕਲਾਂ ਦਾਣਾ ਮੰਡੀ ਵਿੱਚ ਭਾਸ਼ਣ ਸ਼ੁਰੂ ਕੀਤਾ ਤਾਂ ਓਦੋਂ ਵੀ ਬੇਰੋਜ਼ਗਾਰਾਂ ਨੇ ਮੁੱਖ ਮੰਤਰੀ ਚੰਨੀ ਵਿਰੁੱਧ ਨਾਅਰੇਬਾਜ਼ੀ ਕੀਤੀ। ਮੁੱਖ ਮੰਤਰੀ ਨੇ ਇਸ ਦਾ ਗੰਭੀਰ ਨੋਟਿਸ ਲਿਆ ਅਤੇ ਉਸ ਸਮੇਂ ਵੀ



ਮੁਲਾਜ਼ਮ ਸੰਗਠਨਾਂ ਨਾਲ ਉਨ੍ਹਾਂ ਦੀ ਤਿੱਖੀ ਬਹਿਸ ਹੋਈ। ਮੁੱਖ ਮੰਤਰੀ ਚੰਨੀ ਨੇ ਆਪਣੇ ਭਾਸ਼ਣ ਦੌਰਾਨ ਚਿਤਾਵਨੀ ਦਿੱਤੀ ਕਿ ਟੈਂਕੀਆਂ ਉੱਤੇ ਚੜ੍ਹ ਕੇ ਮੰਗਾਂ ਮੰਨਵਾਉਣਾ ਸਰਕਾਰ ਨੂੰ ਪ੍ਰਵਾਨ ਨਹੀਂ ਹੈ, ਜਿਹੜੇ ਟੈਂਕੀਆਂ ਉੱਤੇ ਚੜ੍ਹ ਕੇ ਪ੍ਰਦਰਸ਼ਨ ਕਰਨਗੇ, ਉਨ੍ਹਾਂ ਵਿਰੁੱਧ ਕੇਸ ਦਰਜ ਹੋਣਗੇ।

ਵਰਨਣ ਯੋਗ ਹੈ ਕਿ ਹਾਲੇ ਤਕ ਮੁੱਖ ਮੰਤਰੀ ਚਰਨਜੀਤ ਸਿੰਘ ਨੇ ਵਿਖਾਵਾਕਾਰੀਆਂ ਬਾਰੇ ਖਾਮੋਸ਼ੀ ਧਾਰਨ ਕੀਤੀ ਹੋਈ ਸੀ, ਪਰ ਆਖਰ ਉਨ੍ਹਾਂ ਨੂੰ ਮਹਿਸੂਸ ਹੋਣ ਲੱਗ ਪਿਆ ਹੈ ਕਿ ਕੁਝ ਮੁਲਾਜ਼ਮ ਸੰਗਠਨਾਂ ਨੂੰ ਵਿਰੋਧੀ ਪਾਰਟੀਆਂ ਸ਼ਹਿ ਦੇ ਰਹੀਆਂ ਹਨ, ਇਸ ਲਈ ਮੁੱਖ ਮੰਤਰੀ ਨੇ ਸਖਤ ਰੁਖ ਅਪਣਾ ਲਿਆ ਹੈ। ਉਨ੍ਹਾਂ ਨੇ ਟੈਂਕੀਆਂ ਉੱਤੇ ਚੜ੍ਹ ਕੇ ਵਿਖਾਵਾ ਕਰਨ ਅਤੇ ਕਾਂਗਰਸ ਦੇ ਪ੍ਰੋਗਰਾਮਾਂ ਵਿੱਚ ਵਿਘਨ ਪਾਉਣ ਵਾਲਿਆਂ ਵਿਰੁੱਧ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਹਨ।

# ਗੁਪਤ ਅੰਗ ਕੱਟਣ ਨੂੰ ਹਾਈ ਕੋਰਟ ਨੇ ਗੰਭੀਰ ਜੁਰਮ ਮੰਨਿਆ

ਚੰਡੀਗੜ੍ਹ, 28 ਨਵੰਬਰ (ਪੋਸਟ ਬਿਊਰੋ)- ਇੱਕ ਨੌਜਵਾਨ ਨੂੰ ਬੇਹੋਸ਼ ਕਰ ਕੇ ਉਸ ਦਾ ਗੁਪਤ ਅੰਗ ਕੱਟਣ ਦੇ ਦੋਸ਼ੀ ਦੀ ਰੈਗੂਲਰ ਜ਼ਮਾਨਤ ਦੀ ਮੰਗ ਬਾਰੇ ਪਟੀਸ਼ਨ ਪੰਜਾਬ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿੱਤੀ ਹੈ।

ਹਾਈ ਕੋਰਟ ਨੇ ਕਿਹਾ ਹੈ ਕਿ ਏਦਾਂ ਦਾ ਕਾਰਾ ਕਰਨ ਵਾਲਾ ਦੋਸ਼ੀ ਕਿਸੇ ਤਰ੍ਹਾਂ ਰਹਿਮ ਦਾ ਹੱਕਦਾਰ ਨਹੀਂ।ਪਟੀਸ਼ਨ ਵਿੱਚ ਦੋਸ਼ੀ ਕੁਲਦੀਪ ਕੁਮਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਨੌਜਵਾਨ ਦਾ ਗੁਪਤ ਅੰਗ ਕੱਟਣ ਦੇ ਦੋਸ਼ ਵਿੱਚ



ਅੰਮ੍ਰਿਤਸਰ ਦੀ ਪੁਲਸ ਨੇ ਕੇਸ ਦਰਜ ਕੀਤਾ ਸੀ। ਉਸ ਨੇ ਕਿਹਾ ਕਿ ਇਹ ਕੇਸ ਸੋਨੀਆ ਬਾਬਾ ਨਾਂਅ ਦੇ ਕਿੰਨਰ ਵਿਰੁੱਧ ਦਰਜ ਕੀਤਾ ਗਿਆ ਸੀ। ਸੋਨੀਆ ਬਾਬੇ ਦੇ ਬਿਆਨ ਪਿੱਛੋਂ ਪਟੀਸ਼ਨਰ ਦਾ ਨਾਂਅ ਇਸ ਕੇਸ ਵਿੱਚ ਜੋੜ ਦਿੱਤਾ ਗਿਆ। ਉਸ ਨੇ ਦੱਸਿਆ ਕਿ ਸੋਨੀਆ ਬਾਬਾ ਦੀ ਪਹਿਲਾਂ ਮੌਤ ਹੋ ਚੁੱਕੀ ਹੈ। ਪਟੀਸ਼ਨਰ ਨੇ ਦੱਸਿਆ ਕਿ ਉਹ ਕਾਫੀ ਲੰਮੇ ਸਮੇਂ ਤੋਂ ਜੇਲ੍ਹ ਵਿੱਚ ਹੈ ਤੇ ਉਸ ਨੂੰ ਰੈਗੂਲਰ ਜ਼ਮਾਨਤ ਦਾ ਲਾਭ ਦਿੱਤਾ ਜਾਵੇ। ਹਾਈ ਕੋਰਟ ਨੇ ਕਿਹਾ ਹੈ ਕਿ ਕਿਸੇ ਵਿਅਕਤੀ ਦਾ ਗੁਪਤ ਅੰਗ ਵੱਢਣਾ ਬੇਹੱਦ ਗੰਭੀਰ ਜੁਰਮ ਹੈ। ਏਦਾਂ ਦੇ ਅਪਰਾਧ ਦੇ ਦੋਸ਼ੀ ਨੂੰ ਕਿਸੇ ਤਰ੍ਹਾਂ ਦੀ ਰਾਹਤ ਨਹੀਂ ਦਿੱਤੀ ਜਾ ਸਕਦੀ। ਇਸ ਟਿੱਪਣੀ ਦੇ ਨਾਲ ਹਾਈ ਕੋਰਟ ਨੇ ਰੈਗੂਲਰ ਜ਼ਮਾਨਤ ਦੀ ਮੰਗ ਵਾਲੀ ਪਟੀਸ਼ਨ ਰੱਦ ਕਰ ਦਿੱਤੀ।

# ਪੰਜਾਬ ਯੂਨੀਵਰਸਿਟੀ ਦੇ ਵੀ ਸੀ ਵੱਲੋਂ ਵਿਧਾਇਕਨੂੰ ਕਾਨੂੰਨੀ ਨੋਟਿਸ

ਪਟਿਆਲਾ, 28 ਨਵੰਬਰ (ਪੋਸਟ ਬਿਊਰੋ)- ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਅਰਵਿੰਦ ਨੇ ਉਨ੍ਹਾਂ ਨੂੰ ਆਰ ਐਸ ਐਸ ਦਾ ਏਜੰਟ ਕਹਿਣ ਵਾਲੇ ਹਲਕਾ ਘਨੌਰ ਦੇ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ, ਜਿਸ ਵਿੱਚ ਵਿਧਾਇਕ ਨੂੰ 15 ਦਿਨਾਂ ਦੇ ਅੰਦਰ ਲਿਖਤੀ ਮੁਆਫੀ ਦੇ ਨਾਲ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਮੁਆਫੀ ਮੰਗਣ ਲਈ ਕਿਹਾ ਗਿਆ ਹੈ। ਅਜਿਹਾ ਨਾ ਕੀਤਾ ਤਾਂਉਸ ਦੇ ਖਿਲਾਫ ਵਾਈਸ ਚਾਂਸਲਰ ਵੱਲੋਂ ਵੀਹ ਕਰੋੜ ਰੁਪਏ ਦੀ ਮਾਣਹਾਨੀ ਦਾ ਕੇਸ ਦਾਇਰ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਕਿਸੇ ਵਾਈਸ ਚਾਂਸਲਰ ਵੱਲੋਂ ਹਾਕਮ ਧਿਰ ਦੇ ਕਿਸੇ ਵਿਧਾਇਕ ਨੂੰ ਅਜਿਹਾ ਨੋਟਿਸ ਭੇਜਣ ਦਾ ਇਹ ਪਹਿਲਾ ਕੇਸ ਹੈ। ਵਾਈਸ ਚਾਂਸਲਰ ਨੇ ਇਹ ਨੋਟਿਸ ਆਪਣੇ ਵਕੀਲ ਹਰਚੰਦ ਸਿੰਘ ਬਾਠ ਰਾਹੀਂ ਭੇਜਿਆ ਹੈ। ਵਿਧਾਇਕ ਜਲਾਲਪੁਰ ਨੇ ਕੁਝ ਦਿਨ ਪਹਿਲਾਂਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਦੀ ਪੰਜਾਬੀ ਯੂਨੀਵਰਸਿਟੀ ਦੀ ਫੇਰੀ ਵੇਲੇਵਾਈਸ ਚਾਂਸਲਰ ਨੂੰ ਆਰ ਐਸ ਐਸ ਦਾ ਬੰਦਾ ਕਿਹਾ ਸੀ। ਇਸ ਦੌਰਾਨ ਭਾਵੇਂ ਮੁੱਖ ਮੰਤਰੀ ਨੇ ਵਿਧਾਇਕ ਮਦਨ ਲਾਲ ਜਲਾਲਪੁਰ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਜਲਾਲਪੁਰ ਦਾ ਕਹਿਣਾ ਸੀ ਕਿ 'ਕੈਪਟਨ ਅਮਰਿੰਦਰ ਸਿੰਘ ਵੱਲੋਂ ਲਾਇਆ ਇਹ ਵਾਈਸ ਚਾਂਸਲਰ ਆਰ ਐਸ ਐਸ ਦਾ ਬੰਦਾ ਹੈ।' ਇਸ ਮੌਕੇ ਵਾਈਸ ਚਾਂਸਲਰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਾਲ ਮੰਚ ਉੱਤੇ ਸਨ। ਮੁੱਖ ਮੰਤਰੀ ਚੰਨੀ ਨੇ ਜਲਾਲਪੁਰ ਨੂੰ ਜਦੋਂ ਮੰਚ ਉੱਤੇ ਆਉਣ ਨੂੰ ਕਿਹਾ ਤਾਂ ਉਨ੍ਹਾਂ ਇਹ ਕਹਿ ਕੇ ਜਵਾਬ ਦੇ ਦਿੱਤਾ ਕਿ ਉਹ ਆਰ ਐਸ ਐਸ ਦੇ ਬੰਦੇ ਨਾਲ ਨਹੀਂ ਬੈਠਣਗੇ। ਉਸੇ ਦਿਨ ਸ਼ਾਮ ਨੂੰ ਮੀਡੀਆ ਨਾਲ ਗੱਲਬਾਤ ਦੌਰਾਨ ਮਦਨ ਲਾਲ ਜਲਾਲਪੁਰ ਨੇ ਇਹ ਵੀ ਆਖਿਆ ਸੀ ਕਿ ਮੁੱਖ ਮੰਤਰੀ ਉਨ੍ਹਾਂ ਦੇ ਭਰਾਵਾਂ ਵਰਗੇ ਮਿੱਤਰ ਹਨ, ਜਿਸ ਕਰ ਕੇ ਉਨ੍ਹਾਂ ਦੇ ਖਿਲਾਫ ਹੋਏ ਪ੍ਰਦਰਸ਼ਨਾਂ ਨੂੰ ਵੇਖ ਕੇ ਉਸ ਨੂੰ ਗੁੱਸਾ ਆ ਗਿਆ ਸੀ।

# ਟਰੇਨ ਅੱਗੇ ਛਾਲ ਮਾਰ ਕੇ ਸਕਿਓਰਿਟੀ ਗਾਰਡ ਵੱਲੋਂ ਖੁਦਕੁਸ਼ੀ

ਜਲੰਧਰ, 28 ਨਵੰਬਰ (ਪੋਸਟ ਬਿਊਰੋ)- ਏਥੋਂ ਦੇ ਬਿਧੀਪੁਰ ਰੇਲਵੇ ਫਾਟਕ ਨੇੜੇ ਇੱਕ ਕਾਰ ਲੁੱਟਣ ਦੇ ਕੇਸ ਵਿਚ ਕੱਲ੍ਹ ਨਵਾਂ ਮੋੜ ਆ ਗਿਆ ਜਦੋਂ ਡੋਲੀ ਵਾਲੀ ਕਾਰ ਦੇ ਡਰਾਈਵਰ ਦਵਿੰਦਰ ਸਿੰਘ ਦੇ ਦੋਸਤ ਪਲਵਿੰਦਰ ਕੁਮਾਰ ਨੇ ਟਰੇਨ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ, ਜਿਸ ਨੂੰ ਉਹ ਘਟਨਾ ਵਾਲੇ ਦਿਨ ਪੈਸੇ ਦੇਣ ਗਿਆ ਸੀ।

ਬੀਤੇ ਦਿਨੀਂ ਥਾਣਾ ਮਕਸੂਦਾਂ ਦੀ ਪੁਲਸ ਨੇ ਕਾਰ ਚਾਲਕ ਤੇ ਉਸ ਦੇ ਦੋਸਤ ਪਲਵਿੰਦਰ ਕੁਮਾਰ ਦੀ ਮੌਕੇ ਉੱਤੇਜਾ ਕੇ ਪੁੱਛਗਿੱਛ ਕੀਤੀ ਸੀ। ਪੁਲਸ ਵੱਲੋਂ ਪੁੱਛੇ ਸਵਾਲਾਂ ਦਾ ਦੋਵੇਂ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ ਸਨ। ਦੋਵਾਂ ਤੋਂ ਵੱਖ-ਵੱਖ ਪੁੱਛਗਿੱਛ ਵਿੱਚ ਮਾਮਲਾ ਪੁਲਸ ਨੂੰ ਸ਼ੱਕੀ ਲੱਗਾ, ਪਰ ਪੁਲਸ ਨੇ ਦੋਵਾਂ ਨੂੰ ਘਰ ਭੇਜ ਦਿੱਤਾ ਸੀ। ਕੱਲ੍ਹ ਪੁਲਸ ਜਾਂਚ ਕਰ ਰਹੀ ਸੀ ਤਾਂਸੂਚਨਾ ਮਿਲੀ ਕਿ ਇਸ ਮਾਮਲੇ ਵਿੱਚ ਸ਼ਾਮਲ ਪਲਵਿੰਦਰ ਕੁਮਾਰ ਨੇ ਪਿੰਡ ਲਿੱਦੜਾਂ ਨੇੜੇ ਰੇਲਵੇ ਟਰੈਕ ਉੱਤੇ ਰੇਲ ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਪਲਵਿੰਦਰ ਕੁਮਾਰ ਦੀ ਜੇਬ ਵਿੱਚੋਂ ਜੀ ਆਰ ਪੀ ਪੁਲਸ ਨੂੰ ਇੱਕ ਸੁਸਾਈਡ ਨੋਟ ਮਿਲਿਆ ਹੈ, ਜਿਸ ਵਿੱਚ ਲਿਖਿਆ ਸੀ ਕਿ ਬਿਧੀਪੁਰ ਰੇਲਵੇ ਫਾਟਕ ਕੋਲ ਡੋਲੀ ਵਾਲੀ ਕਾਰ ਲੁੱਟਣ ਦੇ ਮਾਮਲੇ ਵਿੱਚ ਪੁਲਸ ਦੀ ਸਖਤੀ ਨਾਲ ਕੀਤੀ ਪੁੱਛਗਿੱਛ ਕਾਰਨ ਮੈਂ ਪ੍ਰੇਸ਼ਾਨ ਸੀ ਅਤੇ ਦੂਜਾ ਇਹ ਲਿਖਿਆ ਕਿ ਮੈਂ ਲੋਕਾਂ ਤੋਂ ਕਰਜ਼ਾ ਲੈ ਕੇ ਆਪਣੀ ਮੰਗੇਤਰ ਨੂੰ ਵਿਦੇਸ਼ ਭੇਜਿਆ ਸੀ ਤੇ ਓਥੇ ਜਾ ਕੇ ਉਸ ਨੇ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਮੈਂ ਦੁਖੀ ਸੀ। ਡੀ ਐਸ ਪੀ ਕਰਤਾਰਪੁਰ ਸੁਖਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਪੁਲਸ ਨੇ ਕਾਰ ਲੁੱਟਣ ਦੇ ਕੇਸ ਵਿੱਚ ਉਸ ਕੋਲੋਂ ਜਾਣਕਾਰੀ ਹਾਸਲ ਲਈ ਸੀ, ਪਰ ਸਖਤੀ ਨਾਲ ਪੁੱਛ ਪੜਤਾਲ ਨਹੀਂ ਕੀਤੀ ਗਈ।

# ਹਵਾਲਾ ਰਾਹੀਂ ਖਾੜਕੂ ਨੂੰ ਹੋਣ ਵਾਲੀ ਦਸ ਲੱਖ ਦੀ ਫੰਡਿੰਗ ਜ਼ਾਹਰ

ਅੰਮ੍ਰਿਤਸਰ, 28 ਨਵੰਬਰ (ਪੋਸਟ ਬਿਊਰੋ)- ਪਿਛਲੇ ਦਿਨੀਂ ਦੋ ਹੈਂਡ ਗ੍ਰਨੇਡਾਂ ਸਮੇਤ ਗ੍ਰਿਫਤਾਰ ਕੀਤੇ ਖਾੜਕੂ ਰਣਜੀਤ ਸਿੰਘ ਨੂੰ ਹਵਾਲਾ ਰਾਹੀਂ ਇੰਗਲੈਂਡ ਤੋਂ ਦਸ ਲੱਖ ਰੁਪਏ ਦੀ ਫੰਡਿੰਗ ਕੀਤੀ ਜਾਣੀ ਸੀ, ਜਿਸ ਨਾਲ ਉਸ ਨੇ ਗ੍ਰਨੇਡ ਹਮਲੇ ਦੀ ਤਿਆਰੀ ਕਰਨੀ ਤੇ ਉਨ੍ਹਾ ਨੂੰ ਲੁਕਾਉਣਾ ਸੀ। ਗ੍ਰਨੇਡ ਸੁੱਟਣ ਲਈ ਉਸ ਨੂੰ ਕਿਸੇ ਮੋਬਾਈਲ ਨੰਬਰ ਤੋਂ ਲੋਕੇਸ਼ਨ ਭੇਜੀ ਜਾਣੀ ਸੀ। ਪੁਲਸ ਇਹ ਪਤਾ ਲਾ ਰਹੀ ਹੈ ਕਿ ਇਹ ਫੰਡਿੰਗ ਉਸ ਨੂੰ ਕਿਸ ਨੇ ਕਰਨੀ ਸੀ।

ਪਰਸੋਂ ਸ਼ਾਮ ਪੰਜਾਬ ਪੁਲਸ ਦੇ ਸਟੇਟ ਸਪੈਸ਼ਲ ਆਪਰੇਸ਼ਨ ਸੈਲ (ਐਸ ਐਸ ਓ ਸੀ) ਦੀ ਟੀਮ ਨੇ ਰਣਜੀਤ ਸਿੰਘ ਨੂੰ ਡਿਊਟੀ ਮੈਜਿਸਟਰੇਟ ਰਮਨਦੀਪ ਕੌਰ ਅੱਗੇ ਪੇਸ਼ ਕੀਤਾ। ਕੋਰਟ ਨੇ ਕੇਸ ਦੀ ਗੰਭੀਰਤਾ ਦੇਖ ਕੇ ਉਸ ਦਾ ਦੋ ਦਿਨ ਹੋਰ ਪੁਲਸ ਰਿਮਾਂਡ ਵਧਾ ਦਿੱਤਾ। ਇਸ ਤੋਂ ਪਹਿਲਾਂ ਕੋਰਟ ਨੇ ਰਣਜੀਤ ਸਿੰਘਦਾ ਚਾਰ ਦਿਨ ਦਾ ਪੁਲਸ ਰਿਮਾਂਡ ਦਿੱਤਾ ਸੀ।ਉਸ ਦੀ ਪੇਸ਼ੀ ਬਾਰੇ ਉਸ ਦੇ ਸਾਥੀ ਨਿਹੰਗ ਸਿੰਘਾਂ ਨੂੰ ਭਿਣਕ ਲੱਗੀ ਤਾਂ ਉਹ ਦੁਪਹਿਰ ਤੋਂ ਦੋ ਦਰਜਨ ਤੋਂ ਵੱਧ ਲੋਕ ਉਸ ਵਕਤ ਕਚਹਿਰੀ ਕੰਪਲੈਕਸ ਵਿੱਚ ਆ ਚੁੱਕੇ ਸਨ। ਜਦੋਂ ਸ਼ਾਮ ਨੂੰ ਪੁਲਸ ਟੀਮ ਰਣਜੀਤ ਸਿੰਘ ਨੂੰ ਲੈ ਕੇ ਕੋਰਟ ਪਹੁੰਚੀ ਤਾਂ ਉਸ ਦੇ ਸਾਥੀਆਂ ਨੇ ਨਾਅਰੇਬਾਜ਼ੀ ਕਰ ਦਿੱਤੀ। ਨਿਹੰਗ ਸਿੰਘਾਂ ਦੇ ਬਾਣੇ ਵਿੱਚ ਲੋਕਾਂ ਦੀ ਵੱਡੀ ਗਿਣਤੀ ਦੇਖ ਕੇ ਥਾਣਾ ਮੁਖੀ ਅਤੇ ਐੱਸ ਐੱਸ ਓ ਸੀ ਦੀ ਟੀਮ ਨੂੰ ਹੋਰ ਪੁਲਸ ਸੱਦਣੀ ਪਈ। ਦੱਸਿਆ ਗਿਆ ਹੈ ਕਿ ਐਸ ਐਸ ਓ ਸੀ ਦੇ ਅਫਸਰਾਂ ਨੇ ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਦੋ ਮਨੀ ਐਕਸਚੇਂਜਰਾਂ ਸਮੇਤ ਦਰਜਨ ਕੁ ਲੋਕਾਂ ਤੋਂ ਪੁੱਛਗਿੱਛ ਕੀਤੀ ਹੈ, ਪਰ ਕੋਈ ਸਬੂਤ ਨਹੀਂ ਮਿਲਿਆ। ਐਸ ਐਸ ਓ ਸੀ ਨੇ ਤਰਨ ਤਾਰਨ ਦੇ ਰਣਜੀਤ ਸਿੰਘ ਨੂੰ ਦੋ ਹੈਂਡ ਗ੍ਰਨੇਡ ਅਤੇ ਦੋ ਚੀਨੀ ਪਿਸਤੌਲਾਂ ਨਾਲ ਗ੍ਰਿਫਤਾਰ ਕੀਤਾ ਸੀ। ਉਸ ਨੇ ਮੰਨਿਆ ਸੀ ਕਿ ਉਸ ਨੂੰ ਧਾਰਮਿਕ ਸਥਾਨ ਅਤੇ ਫੌਜੀ ਟਿਕਾਣਿਆਂ ਉੱਤੇ ਗ੍ਰਨੇਡ ਸੁੱਟਣ ਦੇ ਹੁਕਮ ਮਿਲੇ ਸਨ, ਪਰ ਇਹ ਲੋਕੇਸ਼ਨ ਉਸ ਨੂੰ ਬਾਅਦ ਵਿੱਚ ਮਿਲਣੀ ਸੀ।

Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਅਤੇ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਵਲੋਂ ਦਿਸ਼ਾ ਮੀਟਿੰਗ ਦੀ ਪ੍ਰਧਾਨਗੀ

*** ਆਮ ਆਦਮੀ ਨੂੰ ਧਿਆਨ 'ਚ ਰੱਖਦੇ ਹੋਏ ਸਿਹਤ ਅਤੇ ਸਿੱਖਿਆ ਖੇਤਰ ਸਬੰਧੀ ਨੀਤੀਆਂ ਬਣਾਉਣ 'ਤੇ ਜ਼ੋਰ**



ਕਪੂਰਥਲਾ, 28 ਨਵੰਬਰ (ਗਿਆਨ ਸਿੰਘ)- ਚੇਅਰਮੈਨ ਦਿਸ਼ਾ (ਜ਼ਿਲ੍ਹਾ ਪੱਧਰੀ ਵਿਕਾਸ ਤਾਲਮੇਲ ਅਤੇ ਨਿਗਰਾਨ ਕਮੇਟੀ) ਅਤੇ ਕੇਂਦਰੀ ਮੰਤਰੀ ਸ੍ਰੀ ਓਮ ਪ੍ਰਕਾਸ਼ ਵਲੋਂ ਅੱਜ ਕੋ-ਚੇਅਰਮੈਨ ਸੰਸਦ ਮੈਂਬਰ ਸ੍ਰੀ ਜਸਬੀਰ ਸਿੰਘ ਡਿੰਪਾ ਨਾਲ ਲੋਕ ਸਭਾ ਹਲਕਾ ਹੁਸ਼ਿਆਰਪੁਰ ਅਤੇ ਖਡੂਰ ਸਾਹਿਬ ਵਿਖੇ ਕੇਂਦਰ ਅਤੇ ਪੰਜਾਬ ਸਰਕਾਰ ਵਲੋਂ ਚਲਾਏ ਜਾ ਰਹੇ ਵਿਕਾਸ ਪ੍ਰੋਜੈਕਟਾਂ ਅਤੇ ਭਲਾਈ ਸਕੀਮਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਤਕਨੀਕੀ ਸਿੱਖਿਆ ਅਤੇ ਜਲ ਸੰਭਾਲ ਮੰਤਰੀ ਸ.ਰਾਣਾ ਗੁਰਜੀਤ ਸਿੰਘ ਵੀ ਮੌਜੂਦ ਸਨ।

ਕੇਂਦਰੀ ਮੰਤਰੀ ਅਤੇ ਸੰਸਦ ਮੈਂਬਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਨੀਤੀਆਂ ਬਣਾਉਂਦੇ ਸਮੇਂ ਆਮ ਆਦਮੀ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ।

ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਵੀ ਅਧਿਕਾਰੀਆਂ ਨੂੰ ਕਿਹਾ ਕਿ ਵੱਖ-ਵੱਖ ਭਲਾਈ ਸਕੀਮਾਂ ਤਹਿਤ ਲੋੜਵੰਦ ਲੋਕਾਂ ਤੱਕ ਅਨਾਜ ਨੂੰ ਸਮੇਂ ਸਿਰ ਵੰਡਣ ਨੂੰ ਯਕੀਨੀ ਬਣਾਉਣ ਕਿਉਂਕਿ ਕਈ ਸਾਰੇ ਮਾਮਲਿਆਂ ਵਿੱਚ ਲੋਕਾਂ ਵਲੋਂ ਕਣਕ ਨਾ ਮਿਲਣ ਸਬੰਧੀ ਸ਼ਿਕਾਇਤਾਂ ਕੀਤੀਆਂ ਜਾਂਦੀਆਂ ਹਨ।

ਕੇਂਦਰੀ ਮੰਤਰੀ ਤੇ ਸੰਸਦ ਮੈਂਬਰ ਨੇ ਕਿਹਾ ਕਿ ਲੋਕ ਸਭਾ ਹਲਕਾ ਹੁਸ਼ਿਆਰਪੁਰ ਅਤੇ ਖਡੂਰ ਸਾਹਿਬ ਦੇ ਸਰਵਪੱਖੀ ਵਿਕਾਸ ਲਈ ਨੀਤੀਆਂ ਦੇ ਨਿਰਮਾਣ ਅਤੇ ਵਿਕਾਸ ਪ੍ਰੋਜੈਕਟਾਂ ਨੂੰ ਲਾਗੂ ਕਰਨ ਕੇਂਦਰੀ ਲਈ ਸੰਸਦ ਮੈਂਬਰਾਂ ਦੇ ਨੁਮਾਇੰਦਿਆਂ ਨੂੰ ਸ਼ਾਮਿਲ ਕੀਤਾ ਜਾਵੇ ਤਾਂ ਜੋ ਇਨ੍ਹਾਂ ਸਕੀਮਾਂ ਅਤੇ ਵਿਕਾਸ ਪ੍ਰੋਜੈਕਟਾਂ ਦਾ ਵੱਧ ਤੋਂ ਵੱਧ ਲਾਭ ਲੋਕਾਂ ਤੱਕ ਪਹੁੰਚ-ਾਇਆ ਜਾ ਸਕੇ।

# ਬਾਦਲਾਂ ਕੋਲ ਅਤੀਤ ਦੀਆਂ ਗਲਤੀਆਂ ਸੁਧਾਰਨ ਦਾ ਸੁਨਹਿਰੀ ਮੌਕਾ: ਰਾਮੂਵਾਲੀਆ

*** ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਬੀਬੀ ਕਿਰਨਜੋਤ ਕੌਰ ਨੂੰ ਦੇਣ ਦੀ ਅਪੀਲ**

ਲੁਧਿਆਣਾ, 28 ਨਵੰਬਰ(ਗਿਆਨ ਸਿੰਘ) ਲੋਕ ਭਲਾਈ ਪਾਰਟੀ ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸ੍ਰ ਬਲਵੰਤ ਸਿੰਘ ਰਾਮੂਵਾਲੀਆ ਨੇ ਦੋਨੋਂ ਬਾਦਲਾਂ ਖਾਸਕਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਇਸ ਦਫ਼ਾ ਪ੍ਰਧਾਨ ਪੰਥਕ ਪਰਿਵਾਰ ਨਾਲ ਸਬੰਧਤ ਬੀਬੀ ਕਿਰਨਜੋਤ ਕੌਰ ਨੂੰ ਬਣਾਇਆ ਜਾਵੇ। ਸਰਦਾਰ ਰਾਮੂੰਵਾਲੀਆ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਿੱਚ ਇੱਕ ਰੀਤ ਸਥਾਪਿਤ ਹੋ ਗਈ ਹੈ ਕਿ ਇਸ ਦਾ ਪ੍ਰਧਾਨ ਤੁਹਾਡੇ ਵੱਲੋਂ ਭੇਜੇ ਲਿਫ਼ਾਫ਼ੇ ਵਿੱਚੋਂ ਨਿਕਲਦਾ ਹੈ।

ਸਰਦਾਰ ਰਾਮੂਵਾਲੀਆ ਨੇ ਕਿਹਾ ਕਿ ਪਾਕਿਸਤਾਨੋਂ ਆਏ ਸਿੱਖਾਂ ਨੂੰ "ਭਾਪਾ" ਸ਼ਬਦ ਕਹਿ ਕੇ ਲਗਾਤਾਰ ਨਜਰਅੰਦਾਜ ਕਰ ਦਿੱਤਾ ਜਾਂਦਾ ਹੈ ਜਦਕਿ ਮਾਸਟਰ ਤਾਰਾ ਸਿੰਘ, ਸਰਦਾਰ ਹੁਕਮ ਸਿੰਘ, ਸਰਦਾਰ ਅਜੀਤ ਸਿੰਘ ਸਰਹੱਦੀ ਨੇ ਬਹੁਤ ਵੱਡੇ ਵੱਡੇ ਇਤਿਹਾਸਕ ਕੰਮ ਕੀਤੇ ਹਨ ਸਰਦਾਰ



ਕਰਮ ਸਿੰਘ ਤੇ ਸਰਦਾਰ ਪ੍ਰਤਾਪ ਸਿੰਘ ਪੰਜਾ ਸਾਹਿਬ ਨਿਵਾਸੀ ਸਨ, ਜੋ ਗੁਰੂ ਕੇ ਬਾਗ ਮੋਰਚੇ ਦੇ ਸਮੇਂ ਗ੍ਰਿਫਤਾਰ ਕੀਤੇ ਗਏ ਜੋ ਤਿੰਨ ਦਿਨ ਦੇ ਭੁੱਖੇ ਤੇ ਅੰਗਰੇਜ਼ ਦੇ ਲਾਠੀਚਾਰਜ ਦੇ ਜ਼ਖਮੀ ਸਿੰਘਾਂ ਨੂੰ ਹਸਨ ਅਬਦਾਲ ਸ਼ਹਿਰਦੀ ਜੇਲ ਵਿੱਚ ਬੰਦ ਕਰਨ ਲਈ ਲਿਜ-ਾਇਆ ਜਾ ਰਿਹਾ ਸੀ ਉੱਥੇ ਸਰਦਾਰ ਕਰਮ ਸਿੰਘ ਤੇ ਸਰਦਾਰ ਪ੍ਰਤਾਪ ਸਿੰਘ ਦੀ ਅਗਵਾਈ ਵਿੱਚ ਸ਼ਹੀਦੀਆਂ ਪਾ ਕੇ ਗੱਡੀ ਰੋਕੀ ਤੇ ਪ੍ਰਸ਼ਾਦਾ ਛਕਾਇਆ ਪਰ ਸਿੱਖ ਰਾਜਨੀਤੀ ਤੇ ਕਾਬਜ਼ ਸ਼੍ਰੋਮਣੀ ਕਮੇਟੀ ਦੀ ਸੇਵਾ ਤੋਂ ਇਸ ਵਰਗ ਨੂੰ ਹਰ ਵਾਰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ।

ਉਹਨਾਂ ਬੇਨਤੀ ਕੀਤੀ ਕਿ ਮਾਸਟਰ ਤਾਰਾ ਸਿੰਘ ਦੀ ਉਮਰ ਭਰ ਦੀ ਕੁਰਬਾਨੀ ਅਤੇ ਬੀਬੀ ਕਿਰਨਜੋਤ ਕੌਰ ਦਾ ਸਿੱਖ ਧਰਮ ਲਈ ਅਡੋਲ ਵਿਸ਼ਵਾਸ ਅਤੇ ਵਿੱਦਿਅਕ ਯੋਗਤਾ ਦੀ ਕਦਰ ਕਰਦਿਆਂ ਉਨਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣਾਇਆ ਜਾਵੇ। ਉਹਨਾਂ ਕਿਹਾ ਕਿ ਬਾਦਲ ਪਰਿਵਾਰ ਕੋਲ ਇਸ ਵਾਰ ਅਤੀਤ ਦੀਆਂ ਗਲਤੀਆਂ ਨੂੰ ਬਖਸਾਉਣ ਦਾ ਬਹੁਤ ਸੁਨਹਿਰੀ ਮੌਕਾ ਹੈ ਜਿਸਨੂੰ ਗਵਾਉਣਾ ਨਹੀਂ ਚਾਹੀਦਾ ਹੈ।

ਉਹਨਾਂ ਕਿਹਾ ਕਿ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਹੁਣ ਤੱਕ ਦੇ ਕੁੱਲ 100 ਸਾਲ ਦੇ ਇਤਿਹਾਸ ਵਿੱਚ 64 ਸਾਲ ਦਾ ਰਾਜ ਭਾਗ ਬਾਦਲ ਪਰਿਵਾਰ ਕੋਲ ਰਿਹਾ ਹੈ। ਇਸ ਲਈ ਬਾਦਲ ਪਰਿਵਾਰ ਨੂੰ ਇਸ ਲਈ ਆਕਾਲ ਪੁਰਖ ਦਾ ਸੁਕਰਾਨਾ ਵੀ ਕਰਨਾ ਚਾਹੀਦਾ ਹੈ।

# ਸੂਆ ਮਾਰ ਕੇ ਸਾਢੇ ਤਿੰਨ ਸਾਲਾ ਭਾਣਜੀ ਦਾ ਕਤਲ

ਪਟਿਆਲਾ, 28 ਨਵੰਬਰ (ਪੋਸਟ ਬਿਊਰੋ)- ਮਾਤਾ-ਪਿਤਾ ਵੱਲੋਂ ਭੈਣ ਨੂੰ ਵੱਧ ਪਿਆਰ ਕਰਦਾ ਦੇਖ ਕੇ ਪ੍ਰੇਸ਼ਾਨ ਭਰਾ ਨੇ ਆਪਣੇ ਸਾਢੇ ਤਿੰਨ ਸਾਲ ਦੀ ਭਾਣਜੀ ਦਾ ਬਰਫ ਤੋੜਨ ਵਾਲੇ ਸੂਏ ਨਾਲ ਕਤਲ ਕਰ ਦਿੱਤਾ।

ਦੋ ਦਿਨ ਪਹਿਲਾਂ ਬੱਚੀ ਮਾਇਰਾ ਆਪਣੀ ਮਾਂ ਨਿਸ਼ੀ ਨਾਲ ਨਾਨੇ ਦਾ ਹਾਲ ਪੁੱਛਣ ਲਈ ਨਾਨਕੇ ਘਰ ਆਈ ਸੀ। ਇੱਥੇ ਮਾਤਾ-ਪਿਤਾ ਨੂੰ ਭੈਣ ਤੇ ਉਸ ਦੀ ਬੱਚੀ ਨੂੰ ਵੱਧ ਪਿਆਰ ਕਰਦਾ ਦੇਖ ਕੇ ਪੰਕਜ ਨੇ ਕੱਲ੍ਹ ਸਵੇਰੇ ਬੱਚੀ ਦੇ ਪੇਟ ਅਤੇ ਛਾਤੀ ਵਿੱਚ ਸੂਏ ਦੇ ਕਈ ਵਾਰ ਕੀਤੇ। ਰੌਲਾ ਸੁਣ ਕੇ ਇਕੱਠੇ ਹੋਏ ਗੁਆਂਢੀ ਪਰਵਾਰ ਦੀ ਮਦਦ ਨਾਲ ਬੱਚੀ ਨੂੰ ਰਜਿੰਦਰਾ ਹਸਪਤਾਲ ਲੈ ਕੇ ਗਏ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਕੋਤਵਾਲੀ ਪੁਲਸ ਨੇ ਦੋਸ਼ੀ ਨੂੰ ਹਿਰਾ-ਸਤ ਵਿੱਚ ਲੈ ਲਿਆ। ਦੇਰ ਸ਼ਾਮ ਨੂੰ ਬੱਚੀ ਦੇ ਪਿਤਾ ਮਨੀਸ਼ ਗੁਪਤਾ ਵਾਸੀ ਮੁਹੱਬਤ ਨਗਰ ਕਪੂਰਥਲਾ ਦੇ ਪਟਿਆਲਾ ਪਹੁੰਚਣ ਤੋਂ ਬਾਅਦ ਪੁਲਸ ਨੇ ਬੱਚੀ ਦੇ ਮਾਮੇ 36 ਸਾਲਾ ਪੰਕਜ ਖਿਲਾਫ ਕੇਸ ਦਰਜ ਕੀਤਾ ਗਿਆ ਹੈ।ਨਿਸ਼ੀ ਦੇ ਪਿਤਾ ਕ੍ਰਿਸ਼ਨ ਕੁਮਾਰ ਸੇਵਾ ਮੁਕਤ ਅਧਿਆਪਕ ਹਨ। ਉਨ੍ਹਾਂ ਦੀ ਸਿਹਤ ਖਰਾਬ ਸੀ। ਬਿਮਾਰ ਪਿਤਾ ਦਾ ਹਾਲ ਜਾਣਨ ਲਈ ਨਿਸ਼ੀ ਆਪਣੀ ਸਾਢੇ ਤਿੰਨ ਸਾਲ ਦੀ ਬੱਚੀ ਮਾਇਰਾ ਨਾਲ ਪਟਿਆਲੇ ਦੀ ਤੇਜਬਾਗ ਕਾਲੋਨੀ ਵਿੱਚ ਆਈ ਸੀ। ਦੋ ਦਿਨ ਪਹਿਲਾਂ ਆਈ ਮਾਇਰਾ ਨੂੰ ਨਾਨਾ-ਨਾਨੀ ਵੱਲੋਂ ਪਿਆਰ ਕਰਦਾ ਦੇਖ ਕੇ ਮਾਮਾ ਪੰਕਜ ਚਿੜ੍ਹਨ ਲੱਗਾ ਸੀ। ਇਸ ਗੱਲ ਬਾਰੇ ਉਸ ਨੇ ਮਾਤਾ ਪਿਤਾ ਨਾਲ ਬਹਿਸ ਵੀ ਕੀਤੀ ਅਤੇ ਕੱਲ੍ਹ ਗੁੱਸੇ ਵਿੱਚ ਆ ਕੇ ਸੂਏ ਦੇ ਵਾਰ ਕਰ ਕੇ ਬੱਚੀ ਦਾ ਕਤਲ ਕਰ ਦਿੱਤਾ।ਪੰਕਜ ਨੇ ਭਾਣਜੀ ਦਾ ਕਤਲ ਕਰਨ ਪਿੱਛੋਂ ਪਰਵਾਰ ਨੂੰ ਵੀ ਧਮਕਾਇਆ ਅਤੇ ਗੁਆਂਢੀਆਂ ਨਾਲ ਬਹਿਸ ਵੀ ਕੀਤੀ ਅਤੇ ਥਾਣੇ ਵੀ ਖੁਦ ਫੋਨ ਕਰ ਦਿੱਤਾ। ਉਹ ਓਥੋਂ ਭੱਜਿਆ ਨਹੀਂ, ਘਰ ਕੋਲ ਖੜ੍ਹਾ ਰਿਹਾ ਤੇ ਪੁਲਸ ਨੇ ਗ੍ਰਿਫਤਾਰ ਕਰ ਲਿਆ। ਪੰਕਜ ਕਈ ਵਾਰ ਪ੍ਰਾਪਰਟੀ ਹਥਿਆਉਣ ਦੀ ਕੋਸ਼ਿਸ਼ ਦੇ ਦੋਸ਼ ਵੀ ਆਪਣੀ ਭੈਣ ਉੱਤੇ ਲਾਉਂਦਾ ਰਹਿੰਦਾ ਸੀ।

# ਹਾਈ ਕੋਰਟ ਨੇ ਕਿਹਾ, ਬਹੁ-ਗਿਣਤੀ ਨਾਲ ਮਿਲਦੇ ਵਿਚਾਰ ਹੀ ਪ੍ਰਗਟਾਵੇ ਦੀ ਆਜ਼ਾਦੀ ਨਹੀਂ




ਨਵੀਂ ਦਿੱਲੀ, 28 ਨਵੰਬਰ (ਪੋਸਟ ਬਿਊਰੋ)- ਕਾਂਗਰਸ ਆਗੂ ਸਲਮਾਨ ਖ਼ੁਰਸ਼ੀਦ ਦੀ ਕਿਤਾਬ ਦੇ ਛਪਣ, ਵੰਡੇ ਜਾਣ ਤੇ ਵਿਕਰੀ ਉੱਤੇ ਰੋਕ ਲਾਉਣ ਦੀ ਮੰਗ ਕਰਨ ਵਾਲੀ ਅਪੀਲ ਰੱਦ ਕਰਦਿਆਂ ਦਿੱਲੀ ਹਾਈ ਕੋਰਟ ਨੇ ਕਿਹਾ ਕਿ ਬਹੁਗਿਣਤੀ ਦੇ ਵਿਚਾਰਾਂ ਨਾਲ ਮੇਲ ਖਾਣ ਉੱਤੇ ਹੀ ਪ੍ਰਗਟਾਵੇ ਦੀ ਆਜ਼ਾਦੀ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ ਅਤੇ ਅਸਹਿਮਤੀ ਦਾ ਅਧਿਕਾਰ ਵੀ ਜਮਹੂਰੀਅਤ ਦਾ ਸਾਰ ਤੱਤ ਹਨ।

ਜਸਟਿਸ ਯਸ਼ਵੰਤ ਵਰਮਾ ਦੀ ਬੈਂਚ ਉਸ ਅਪੀਲ ਉੱਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਸਲਮਾਨ ਖ਼ੁਰਸ਼ੀਦ ਦੀ ਕਿਤਾਬ 'ਸਨਰਾਈਜ਼ ਓਵਰ ਅਯੁੱਧਿਆ-ਨੇਸ਼ਨਹੁੱਡ ਇਨ ਓਲਡ ਟਾਈਮਜ਼' ਉੱਤੇ ਹੋਰਨਾਂ ਲੋਕਾਂ ਦੀ ਆਸਥਾ ਨੂੰ ਠੇਸ ਪੁਚਾਉਣ ਦਾ ਦਾਅਵਾ ਕੀਤਾ ਗਿਆ ਸੀ। ਇਸ ਮੌਕੇ ਜਸਟਿਸ ਵਰਮਾ ਨੇ ਕਿਹਾ ਕਿ ਪ੍ਰਗਟਾਵੇ ਦੀ ਆਜ਼ਾਦੀ ਸਣੇ ਸੰਵਿਧਾਨ ਵੱਲੋਂ ਦਿੱਤੇ ਅਧਿਕਾਰਾਂ ਉੱਤੇ ਅਣਸੁਖਾਵੇਂ ਹੋਣ ਦੇ ਸ਼ੱਕ ਦੇ ਆਧਾਰ ਉੱਤੇ ਪਾਬੰਦੀ ਨਹੀਂ ਲਾਈ ਜਾ ਸਕਦੀ ਜਾਂ ਉਨ੍ਹਾਂ ਤੋਂ ਵਾਂਝੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜੇ ਰਚਨਾਤਮਕ ਆਵਾਜ਼ਾਂ ਦਾ ਗਲਾ ਘੁੱਟ ਦਿੱਤਾ ਜਾਂ ਬੌਧਿਕ ਆਜ਼ਾਦੀ ਨੂੰ ਦਬਾ ਦਿੱਤਾ ਤਾਂ ਕਾਨੂੰਨ ਦੇ ਰਾਜ ਹੇਠ ਚੱਲਦਾ ਲੋਕਤੰਤਰ ਗੰਭੀਰ ਖਤਰੇ ਵਿੱਚ ਪੈ ਜਾਵੇਗਾ। ਆਪਣੇ ਛੇ ਸਫਿਆਂ ਦੇ ਫੈਸਲੇ ਵਿੱ-ਚਜਸਟਿਸ ਯਸ਼ਵੰਤ ਵਰਮਾ ਨੇ ਵਾਲਟੇਅਰ ਦਾ ਹਵਾਲਾ ਦਿੱਤਾ, "ਤੁਸੀਂ ਜੋ ਕਹਿ ਰਹੇ ਹੋ ਮੈਂ ਉਸ ਨਾਲ ਬਿਲਕੁੱਲ ਵੀ ਸਹਿਮਤ ਨਹੀਂ, ਪਰ ਆਖਰੀ ਸਾਹ ਤਕ ਤੁਹਾਡੇ ਪ੍ਰਗਟਾਵੇ ਦੀ ਆਜ਼ਾਦੀ ਦੀ ਰਾਖੀ ਕਰਾਂਗਾ।"ਉਨ੍ਹਾਂ ਕਿਹਾ ਕਿ ਪ੍ਰਗਟਾਵੇ ਦੀ ਆਜ਼ਾਦੀ ਦੀ ਪੂਰੇ ਜੋਸ਼ ਨਾਲ ਰਾਖੀ ਕੀਤੀ ਜਾਣੀ ਚਾਹੀਦੀ ਹੈ, ਜਦੋਂ ਤਕ ਕਿ ਉਹ ਸੰਵਿਧਾਨਕ ਜਾਂ ਵਿਧਾਨਕ ਪਾਬੰਦੀ ਹੇਠ ਨਾ ਆਉਂਦੀ ਹੋਵੇ। ਅਦਾਲਤ ਨੇ ਸਪੱਸ਼ਟ ਕੀਤਾ ਕਿ ਉਸ ਦੇ ਸਾਹਮਣੇ ਪੂਰੀ ਕਿਤਾਬ ਪੇਸ਼ ਨਹੀਂ ਕੀਤੀ ਗਈ ਤੇ ਪੂਰਾ ਕੇਸ ਸਿਰਫ ਇੱਕ ਚੈਪਟਰ ਦੇ ਕੁਝ ਪੈਰਿਆਂ ਉੱਤੇ ਆਧਾਰਤ ਹੈ।

# ਕਾਨੂੰਨ ਬਣਾਉਣ ਸਮੇਂ ਬਣਾਉਣ ਵਾਲੇ ਪ੍ਰਭਾਵ ਬਾਰੇ ਨਹੀਂ ਸੋਚਦੇ: ਚੀਫ ਜਸਟਿਸ



ਨਵੀਂ ਦਿੱਲੀ, 28 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਚੀਫ ਜਸਟਿਸ ਐਨ ਵੀ ਰਾਮੰਨਾ ਨੇ ਕੱਲ੍ਹ ਇੱਥੇ ਕਿਹਾ ਕਿ ਕੋਈ ਵੀ ਕਾਨੂੰਨ ਪਾਸ ਕਰਨ ਤੋਂ ਪਹਿਲਾਂ ਕਾਨੂੰਨ ਬਣਾਉਣ ਵਾਲੇ ਇਸ ਦੇ ਪੈਣ ਵਾਲੇ ਪ੍ਰਭਾਵਾਂ ਦਾ ਮੁਲੰਕਣ ਜਾਂ ਅਧਿਅਨ ਨਹੀਂ ਕਰਦੇ ਜਿਸ ਕਾਰਨ ਕਈ ਵਾਰ ਵੱਡੇ ਮਸਲੇ ਖੜ੍ਹੇ ਹੋ ਜਾਂਦੇ ਅਤੇਅਦਾਲਤਾਂ ਉੱਤੇ ਕੇਸਾਂ ਦਾ ਬੋਝ ਵਧਦਾ ਹੈ।

ਜਸਟਿਸ ਰਾਮੰਨਾ ਨੇ ਕਿਹਾ ਕਿ ਅਦਾਲਤਾਂ ਨੂੰ ਵਿਸ਼ੇਸ਼ ਢਾਂਚਾ ਦਿੱਤੇ ਬਿਨਾਂ ਲੰਮੇ ਸਮੇਂ ਤੋਂ ਲਟਕਦੇ ਕੇਸਾਂ ਦਾ ਜਲਦੀ ਨਿਬੇੜਾ ਹੋਣਾ ਮੁਸ਼ਕਲ ਹੈ। ਸੁਪਰੀਮ ਕੋਰਟ ਵੱਲੋਂ ਸੰਵਿਧਾਨ ਦਿਵਸ ਮੌਕੇ ਕਰਵਾਏ ਸਮਾਗਮ ਦੌਰਾਨ ਜੱਜਾਂ ਤੇ ਵਕੀਲਾਂ ਨੂੰ ਸੰਬੋਧਨ ਕਰਦਿਆਂ ਚੀਫ ਜਸਟਿਸ ਨੇ ਕਿਹਾ, 'ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਭਾਵੇਂ ਕਿਸੇ ਵੀ ਤਰ੍ਹਾਂ ਦੀ ਆਲੋਚਨਾ ਕੀਤੀ ਜਾਵੇ ਜਾਂ ਕਿਸੇ ਵੀ ਤਰ੍ਹਾਂ ਦੇ ਅੜਿੱਕਿਆਂ ਦਾ ਸਾਹਮਣਾ ਕਰਨਾ ਪਵੇ, ਸਾਡਾ ਇਨਸਾਫ ਦੇਣ ਦਾ ਮਿਸ਼ਨ ਨਹੀਂ ਰੁਕ ਸਕਦਾ।" ਨਿਆਂਪਾਲਿਕਾ ਵਿੱਚ ਲੰਮੇ ਸਮੇਂ ਤੋਂ ਲਟਕ ਰਹੇ ਕੇਸਾਂ ਬਾਰੇ ਚੀਫ ਜਸਟਿਸ ਨੇ ਕਿਹਾ ਕਿ ਜੁਡੀਸ਼ਰੀ ਦਾ ਸੁਭਾਅ ਬਹੁ-ਪੱਖੀ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਇਸ ਦੋ ਰੋਜ਼ਾ ਸਮਾਗਮ ਦੌਰਾਨ ਜੋ ਸੁਝਾਅ ਉਭਾਰੇ ਗਏ ਹਨ, ਸਰਕਾਰ ਉਨ੍ਹਾਂ ਉੱਤੇ ਵਿਚਾਰ ਕਰੇਗੀ। ਉਨ੍ਹਾਂ ਕਿਹਾ ਕਿ 'ਇੱਕ ਹੋਰ ਮਸਲਾ ਇਹ ਹੈ ਕਿ ਕੋਈ ਕਾਨੂੰਨ ਪਾਸ ਕਰਨ ਤੋਂ ਪਹਿਲਾਂ ਕਾਨੂੰਨ ਬਣਾਉਣ ਵਾਲੇ ਇਸ ਦੇ ਪੈਣ ਵਾਲੇ ਪ੍ਰਭਾਵਾਂ ਦਾ ਅਧਿਅਨ ਜਾਂ ਮੁਲੰਕਣ ਨਹੀਂ ਕਰਦੇ। ਇਸ ਨਾਲ ਕਈ ਵਾਰ ਵੱਡੇ ਮਸਲੇ ਖੜ੍ਹੇ ਹੋ ਜਾਂਦੇ ਹਨ। ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੀ ਧਾਰਾ 138 ਪੇਸ਼ ਕਰਨਾ ਇਸੇ ਦੀ ਮਿਸਾਲ ਹੈ। ਪਹਿਲਾਂ ਹੀ ਬੋਝ ਹੇਠਾਂ ਦੱਬੇ ਹੋਏ ਜੱਜਾਂ ਉੱਤੇ ਇਸ ਨਾਲ ਹਜ਼ਾਰਾਂ ਕੇਸਾਂ ਦਾ ਬੋਝ ਹੋਰ ਪਵੇਗਾ।'

ਇਸ ਮੌਕੇ ਚੀਫ ਜਸਟਿਸ ਨੇ ਕਿਹਾ ਕਿ ਕਈ ਲੋਕ ਮੰਨਦੇ ਹਨ ਕਿ ਅਦਾਲਤਾਂ ਕਾਨੂੰਨ ਬਣਾਉਂਦੀਆਂ ਹਨ ਤੇ ਇੱਕ ਹੋਰ ਗਲਤਫਹਿਮੀ ਹੈ ਕਿ ਬਰੀ ਕੀਤੇ ਜਾਣ ਅਤੇ ਮੁਲਤਵੀ ਕਰਨ ਲਈ ਵੀ ਅਦਾਲਤਾਂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ 'ਸਚਾਈ ਇਹ ਹੈ ਕਿ ਸਰਕਾਰੀ ਵਕੀਲ, ਵਕੀਲ ਤੇ ਹੋਰ ਸਾਰੀਆਂ ਧਿਰਾਂ ਨੇਇਸ ਪ੍ਰਕਿਰਿਆ ਨੂੰ ਸਹਿਯੋਗ ਕਰਨਾ ਹੁੰਦਾ ਹੈ। ਸਹਿਯੋਗ ਨਾ ਮਿਲਣ, ਪ੍ਰਕਿਰਿਆ ਦੀ ਗਲਤੀ ਹੋਣ ਤੇ ਦੋਸ਼ਪੂਰਨ ਜਾਂਚ ਲਈ ਅਦਾਲਤਾਂ ਦੋਸ਼ੀ ਨਹੀਂ ਹੁੰਦੀਆਂ।'

# ਬੀਜਿੰਗ ਹਵਾਈ ਅੱਡੇ ਦੀ ਫੋਟੋ ਭਾਰਤ ਵੱਲੋਂ ਵਰਤੇ ਜਾਣ ਤੋਂ ਚੀਨ ਨੂੰ ਇਤਰਾਜ਼




ਨਵੀਂ ਦਿੱਲੀ, 28 ਨਵੰਬਰ (ਪੋਸਟ ਬਿਊਰੋ)- ਚੀਨ ਦੇ ਸਰਕਾਰੀ ਗਲੋਬਲ ਟੈਲੀਵਿਜ਼ਨ ਨੈਟਵਰਕ (ਸੀ ਜੀ ਟੀ ਐਨ) ਨੇ ਪੇਈਚਿੰਗ ਡੈਕਸਿੰਗ ਕੌਮਾਂਤਰੀ ਹਵਾਈ ਅੱਡੇ ਦੀ ਫੋਟੋ ਨੂੰ ਨੋਇਡਾ ਵਿੱਚ ਬਣ ਰਹੇ ਜੇਵਰ ਹਵਾਈ ਅੱਡੇ ਦੇ ਮਾਡਲ ਵਜੋਂ ਪੇਸ਼ ਕੀਤੇ ਜਾਣ ਉੱਤੇ ਭਾਰਤੀ ਜਨਤਾ ਪਾਰਟੀ ਦੇ ਕਈ ਆਗੂਆਂ ਤੇ ਮੰਤਰੀਆਂ ਨੂੰ ਸਵਾਲ ਕੀਤਾ ਹੈ।

ਵਰਨਣ ਯੋਗ ਹੈ ਕਿ ਚੀਨ ਦੀ ਇਹ ਤਿੱਖੀ ਪ੍ਰਤੀਕਿਰਿਆ ਭਾਜਪਾ ਵੱਲੋਂ ਦੱਖਣੀ ਕੋਰੀਆ ਦੇ ਇੰਚਿਓਨ ਕੌਮਾਂਤਰੀ ਹਵਾਈ ਅੱਡੇ ਦੀ ਤਸਵੀਰ ਨੂੰ ਜੇਵਰ ਹਵਾਈ ਅੱਡੇ ਦੇ ਮਾਡਲ ਵਜੋਂ ਵਰਤਣ ਤੋਂ ਕੁਝ ਦਿਨ ਬਾਅਦ ਆਈ ਹੈ। ਸੀ ਜੀ ਟੀ ਐਨ ਦੀ ਮੁਲਾਜ਼ਮ ਸ਼ੇਨ ਸ਼ਿਵੇਈ ਨੇ ਕੱਲ੍ਹ ਰਾਤ ਟਵੀਟ ਕੀਤਾ ਕਿ 'ਇਹ ਜਾਣ ਕੇ ਹੈਰਾਨੀ ਹੋਈ ਕਿ ਭਾਰਤ ਸਰਕਾਰ ਦੇ ਅਧਿਕਾਰੀਆਂ ਨੇ ਚੀਨ ਦੇ ਪੇਈਚਿੰਗ ਡੈਕਸਿੰਗ ਕੌਮਾਂਤਰੀ ਹਵਾਈ ਅੱਡੇ ਦੀਆਂ ਤਸਵੀਰਾਂ ਆਪਣੇ ਬੁਨਿਆਦੀ ਢਾਂਚੇ ਦੀਆਂ ਪ੍ਰਾਪਤੀਆਂ ਵਜੋਂ ਵਰਤੀਆਂ ਹਨ।' ਉਸ ਨੇ ਇਹੀ ਫੋਟੋ ਪੋਸਟ ਕਰਦਿਆਂ ਇੱਕ ਹੋਰ ਟਵੀਟ ਕੀਤਾ, 'ਚੀਨ ਦੇ ਪੇਈਚਿੰਗ ਡੈਕਸਿੰਗ ਕੌਮਾਂਤਰੀ ਹਵਾਈ ਅੱਡੇ ਉੱਤੇ ਸਵਾਗਤ ਹੈ। 17.47 ਬਿਲੀਅਨ ਡਾਲਰ ਦਾ ਵੱਡਾ ਪ੍ਰੋਜੈਕਟ।' ਉਸ ਨੇ ਨਾਲ ਹੀ ਇੱਕ ਲੇਖ ਸਾਂਝਾ ਕਰਦਿਆਂ ਕਿਹਾ ਕਿ ਇਹ ਫੋਟੋ ਪੇਈਚਿੰਗ ਹਵਾਈ ਅੱਡੇ ਦੀਆਂ ਹਨ, ਨਾ ਕਿ ਜੇਵਰ ਹਵਾਈ ਅੱਡੇ ਦੇ ਡਿਜ਼ਾਈਨ। ਇਹੀ ਤਸਵੀਰ 2019 ਵਿੱਚ 'ਦਿ ਗਾਰਡੀਅਨ' ਨੇ ਚੀਨ ਬਾਰੇ ਲੇਖ ਲਿਖਣ ਸਮੇਂ ਵਰਤੀ ਸੀ।

# ਡਰੱਗ ਤਸਕਰੀ ਵਿੱਚ ਤਿੰਨ ਭਾਰਤ ਵੰਸ਼ੀਆਂ ਦੀ ਫਾਂਸੀ ਕਾਇਮ ਰਹੀ



ਸਿੰਗਾਪੁਰ, 28 ਨਵੰਬਰ (ਪੋਸਟ ਬਿਊਰੋ)- ਸਿੰਗਾਪੁਰ ਵਿੱਚ ਡਰੱਗ ਤਸਕਰੀ ਦੇ ਕੇਸਾਂ ਵਿੱਚ ਮੌਤ ਦੀ ਸਜ਼ਾ ਪ੍ਰਾਪਤ ਤਿੰਨ ਭਾਰਤ ਵੰਸ਼ੀਆਂ ਨੂੰ ਉਪਰਲੀ ਅਦਾਲਤ ਤੋਂ ਰਾਹਤ ਨਹੀਂ ਮਿਲੀ। ਇਨ੍ਹਾਂ ਦੀ ਮੌਤ ਦੀ ਸਜ਼ਾ ਕਾਇਮ ਰਹੀ ਹੈ।

ਭਾਰਤੀ ਮੂਲ ਦੇ ਮਲੇਸ਼ੀਆਈ 34 ਸਾਲਾ ਪੱਨੀਰਸੈਲਵਮ ਪ੍ਰਾਂਥਮਾਨ ਨੂੰ ਸਿੰਗਾਪੁਰ ਵਿੱਚ 51.84 ਗਰਾਮ ਹੈਰੋਇਨ ਰੱਖਣ ਦੇ ਮਾਮਲੇ ਵਿੱਚ 2017 ਵਿੱਚ ਦੋਸ਼ੀ ਠਹਿਰਾਇਆ ਗਿਆ ਅਤੇ ਫਾਂਸੀ ਦੀ ਸਜ਼ਾ ਹੋਈ ਸੀ। ਸਿੰਗਾਪੁਰ ਦੀ ਸੁਪਰੀਮ ਕੋਰਟ ਨੇ ਮਾਰਚ 2016 ਵਿੱਚ 1.34 ਕਿਲੋ ਗਾਂਜਾ ਤਸਕਰੀ ਦੇ ਦੋਸ਼ੀ ਠਹਿਰਾਏ ਗਏ 27 ਸਾਲਾ ਕਮਲਨਾਥਨ ਮੁਨੈਂਦੀ ਤੇ 52 ਸਾਲਾ ਚੰਦਰੂ ਸੁਬਰਮਨੀਅਮ ਦੀ ਫਾਂਸੀ ਦੀ ਸਜ਼ਾ ਵੀ ਕਾਇਮ ਰੱਖੀ ਹੈ। ਅਪੀਲੀ ਕੋਰਟ ਨੇ ਤੀਸਰੇ ਦੋਸ਼ੀ ਪ੍ਰਵੀਨ ਚੰਦਰਨ ਨੂੰ ਸੁਣਾਈ ਗਈ ਉਮਰ ਕੈਦ ਅਤੇ 15 ਬੈਂਤ ਮਾਰਨ ਦੀ ਸਜ਼ਾ ਕਾਇਮ ਰੱਖੀ ਹੈ।ਸਿੰਗਾਪੁਰ ਅਦਾਲਤ ਨੇ ਪੁਲਸ ਅਫਸਰਾਂ ਨੂੰ ਅਪਸ਼ਬਦ ਕਹਿਣ ਅਤੇ ਚੋਰੀ ਤੇ ਡਰੱਗ ਰੱਖਣ ਸਮੇਤ ਨੌਂ ਦੋਸ਼ਾਂ ਵਿੱਚ ਭਾਰਤੀ ਵੰਸ਼ੀ ਕਲੈਰੈਂਸ ਸੇਲਵਰਾਜੂ ਨੰ ਅੱਠ ਮਹੀਨੇ ਅਤੇ 17 ਹਫਤੇ ਜੇਲ੍ਹ ਤੇ 5500 ਸਿੰਗਾਪੁਰੀ ਡਾਲਰ ਦਾ ਜੁਰਮਾਨਾ ਵੀ ਕੀਤਾ ਹੈ।

# ਨੇਪਾਲ ਦਾ ਸਾਬਕਾ ਪ੍ਰਧਾਨ ਮੰਤਰੀ ਕਹਿੰਦੈ: ਸੱਤਾ ਮਿਲੀ ਤਾਂ ਭਾਰਤ ਤੋਂ ਲਿਪੁਲੇਖ ਇਲਾਕਾ ਲਵਾਂਗੇ



ਕਾਠਮੰਡੂ, 28 ਨਵੰਬਰ (ਪੋਸਟ ਬਿਊਰੋ)- ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਤੇ ਮੁੱਖ ਵਿਰੋਧੀ ਪਾਰਟੀ ਸੀ ਪੀ ਐਨ (ਯੂ ਐਮ ਐਲ) ਦੇ ਚੇਅਰਮੈਨ ਕੇ ਪੀ ਸ਼ਰਮਾ ਓਲੀ ਨੇ ਸ਼ੁੱਕਰਵਾਰ ਨੂੰ ਪ੍ਰਣ ਲਿਆ ਕਿ ਜੇ ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਵਾਪਸ ਆਈ ਤਾਂ ਉਹ ਗੱਲਬਾਤ ਰਾਹੀਂ ਕਾਲਾਪਾਣੀ, ਲਿੰਪੀਆਧੁਰਾ ਤੇ ਲਿਪੁਲੇਖ ਨੂੰ ਭਾਰਤ ਤੋਂ ਵਾਪਸ ਲੈ ਲੈਣਗੇ।

ਕਮਿਊਨਿਸਟ ਪਾਰਟੀ ਆਫ ਨੇਪਾਲ (ਯੂਨਾਈਟਿਡ ਮਾਰਕ-ਸਿਟਸ-ਲੈਨੀਨਿਸਟ) ਦੀ 10ਵੀਂ ਜਨਰਲ ਬੈਠਕ ਦਾ ਉਦਘਾਟਨ ਕਰਦੇ ਹੋਏ ਓਲੀ ਨੇ ਕਿਹਾ, "ਅਸੀਂ ਗੱਲਬਾਤ ਨਾਲ ਸਮੱਸਿਆਵਾਂ ਦੇ ਹੱਲ ਦੇ ਪੱਖ ਵਿੱਚ ਹਾਂ, ਗੁਆਂਢੀ ਦੇਸ਼ਾਂ ਦੇ ਨਾਲ ਦੁਸ਼ਮਣੀ ਦੇ ਪੱਖ ਵਿੱਚ ਨਹੀਂ।" ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਅਗਲੇ ਸਾਲ ਦੀਆਂ ਆਮ ਚੋਣਾਂ ਵਿੱਚ ਸੀ ਪੀ ਐਨ (ਯੂ ਐਮ ਐਲ) ਸਭ ਤੋਂ ਵੱਡੀ ਰਾਜਸੀ ਤਾਕਤ ਵਜੋਂ ਉਭਰੇਗੀ। ਖਾਸ ਮਹਿਮਾਨ ਵਜੋਂ ਪ੍ਰਧਾਨ ਮੰਤਰੀ ਸ਼ੇਰ ਬਹਾਦੁਰ ਦੇਓਬਾ ਨੇ ਦੇਸ਼ ਦੇ ਵਿਕਾਸ ਲਈ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਇੱਕ ਮੰਚ ਉਤੇ ਆਉਣ ਦੀ ਅਪੀਲ ਕੀਤੀ। ਬੈਠਕ ਦੇ ਉਦਘਾਟਨੀ ਪ੍ਰੋਗਰਾਮ ਵਿੱਚ ਨੇਪਾਲ ਦੀਆਂ ਵੱਡੀਆਂ ਰਾਜਸੀ ਪਾਰਟੀਆਂ ਦੇ ਨੇਤਾ, ਬੰਗਲਾ ਦੇਸ਼, ਭਾਰਤ, ਕੰਬੋਡੀਆ ਤੇ ਸ੍ਰੀਲੰਕਾ ਸਮੇਤ ਵੱਖ-ਵੱਖ ਦੇਸ਼ਾਂ ਦੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ।

# ਕਈ ਦਿਨ ਪਹਿਲਾਂ ਮਰੇ ਵਿਅਕਤੀ ਨੂੰ ਲੋਕਾਂ ਨੇ ਪੰਚ ਚੁਣ ਲਿਆ

ਜਮੁਈ, 28 ਨਵੰਬਰ (ਪੋਸਟ ਬਿਊਰੋ)- ਬਿਹਾਰ ਦੇ ਜਮੁਈ ਜ਼ਿਲ੍ਹੇ ਵਿੱਚ ਪੰਚੀ ਦੇ ਉਮੀਦਵਾਰ ਦੀ ਮੌਤ ਹੋ ਗਈ, ਪਰ ਪਿੰਡ ਵਾਸੀਆਂ ਨੇ ਸ਼ਰਧਾਂਜਲੀ ਵਿੱਚ ਉਨ੍ਹਾਂ ਨੂੰ ਵੋਟ ਦੇ ਕੇ ਚੋਣ ਜਿਤਾ ਦਿੱਤੀ।

ਇਹ ਮਾਮਲਾ ਜਮੁਈ ਜ਼ਿਲ੍ਹੇ ਦੇ ਖੈਰਾ ਕਸਬੇ ਦੀ ਹਰਖਾੜ ਪੰਚਾਇਤ ਦੇ ਵਾਰਡ ਨੰਬਰ ਦੋ ਵਿਚ ਦੀਪਾਕਰਹਰ ਦਾ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਪੰਚੀ ਦੇ ਉਮੀਦਵਾਰ ਸੋਹਣ ਮੁਰਮੂ ਦੀ ਆਤਮਾ ਦੀ ਸ਼ਾਂਤੀ ਲਈ ਉਨ੍ਹਾਂ ਨੇ ਉਨ੍ਹਾਂ ਦੇ ਹੱਕ ਵਿੱਚ ਵੋਟ ਪਾਈ ਹੈ। ਉਹ ਉਸ ਦੇ ਸਮਰਥਕ ਸਨ ਤੇ ਦੂਸਰੇ ਉਮੀਦਵਾਰ ਮੂਰਾ ਹੈਂਬਰਮ ਨੂੰ ਵੋਟ ਨਹੀਂ ਦੇਣਾ ਚਾਹੁੰਦੇ ਸਨ। ਮਰਹੂਮ ਸੋਹਣ ਮੁਰਮੂ ਨੂੰ 148 ਅਤੇ ਮੂਰਾ ਹੈਂਬਰਸ ਨੂੰ 126 ਵੋਟ ਮਿਲੇ। ਵਰਨਣ ਯੋਗ ਹੈ ਕਿ ਬੀਤੇ ਛੇ ਨਵੰਬਰ ਨੂੰ ਬਿਮਾਰੀ ਕਾਰਨ ਸੋਹਣ ਮੁਰਮੂ ਦੀ ਮੌਤ ਹੋ ਗਈ ਸੀ। 24 ਨਵੰਬਰ ਨੂੰ ਵੋਟਾਂ ਪਈਆਂ ਤੇ 26 ਨੂੰ ਗਿਣਤੀ ਹੋਈ ਸੀ। ਅਧਿਕਾਰਤ ਤੌਰ ਉੱਤੇ ਉਮੀਦਵਾਰ ਦੀ ਮੌਤ ਦੀ ਸੂਚਨਾ ਨਾ ਦਿੱਤੇ ਜਾਣ ਕਾਰਨ ਚੋਣ ਹੋ ਗਈ ਹੈ।

# ਜਬਰੀ ਵਸੂਲੀ ਦਾ ਮਾਮਲੇ ਵਿਚ ਮਹਾਰਾਸ਼ਟਰ ਸੀ ਆਈ ਡੀ ਵੱਲੋਂ ਪੁਲਸ ਅਫਸਰ ਪਰਮਬੀਰ ਸਿੰਘ ਨੂੰ ਪੇਸ਼ ਹੋਣ ਦੀ ਹਿਦਾਇਤ



ਮੁੰਬਈ, 28 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਸੀ ਆਈ ਡੀ ਵੱਲੋਂ ਮੁੰਬਈ ਦੀ ਪੁਲਸ ਨੇ ਸਾਬਕਾ ਕਮਿਸ਼ਨਰ ਪਰਮਬੀਰ ਸਿੰਘ ਨੂੰ ਉਸ ਦੇ ਖਿਲਾਫ ਜਬਰੀ ਵਸੂਲੀ ਦੇ ਦੋਸ਼ ਹੇਠ ਦਰਜ ਦੋ ਕੇਸਾਂ ਦੇ ਬਾਰੇ ਬਿਆਨ ਦਰਜ ਕਰਾਉਣ ਲਈ ਅਗਲੇ ਹਫਤੇ ਪੇਸ਼ ਹੋਣ ਦੀ ਹਿਦਾਇਤ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਪਰਮਬੀਰ ਸਿੰਘ ਦੇ ਖਿਲਾਫ ਦੋਵਾਂ ਕੇਸਾਂ ਦੀ ਪੜਤਾਲ ਸੀ ਆਈ ਡੀ ਵੱਲੋਂ ਕੀਤੀ ਜਾ ਰਹੀ ਹੈ। ਕੱਲ੍ਹ ਇੱਕ ਅਧਿਕਾਰੀ ਨੇ ਦੱਸਿਆ ਕਿ ਸੀ ਆਈ ਡੀ ਵੱਲੋਂ ਪਰਮਬੀਰ ਸਿੰਘ ਨੂੰ ਨੋਟਿਸ ਜਾਰੀ ਕਰ ਕੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਉਨ੍ਹਾ ਕਿਹਾ ਕਿ ਪਰਮਬੀਰ ਸਿੰਘ ਦੇ ਸੀ ਆਈ ਡੀ ਕੋਲ ਸੋਮਵਾਰ ਜਾਂ ਮੰਗਲਵਾਰ ਪੇਸ਼ ਹੋਣ ਦੀ ਆਸ ਹੈ। ਉਹ ਸੀ ਆਈ ਡੀ ਦੇ ਨਵੀਂ ਮੁੰਬਈ ਵਿਚਲੇ ਬੇਲਾਪੁਰ ਵਾਲੇ ਦਫਤਰ ਪੇਸ਼ ਹੋਣਗੇ। ਸੀ ਆਈ ਡੀ ਵੱਲੋਂ ਪਰਮਬੀਰ ਸਿੰਘ ਦੇ ਖਿਲਾਫ ਦੱਖਣੀ ਮੁੰਬਈ ਦੇ ਮੈਰੀਨ ਡਰਾਈਵ ਥਾਣੇ ਅਤੇ ਠਾਣੇ ਸ਼ਹਿਰ ਵਿਚਲੇ ਕੋਪਰੀ ਥਾਣੇ ਵਿੱਚ ਦਰਜ ਕੇਸਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀ ਨੇ ਦੱਸਿਆ, 'ਸੀ ਆਈ ਡੀ ਇਨ੍ਹਾਂ ਕੇਸਾਂ ਵਿੱਚ ਪਰਮਬੀਰ ਸਿੰਘ ਦੀ ਭੂਮਿਕਾ ਜਾਨਣਾ ਚਾਹੁੰਦੀ ਹੈ, ਇਸ ਵਾਸਤੇ ਏਜੰਸੀ ਨੇ ਉਨ੍ਹਾਂ ਨੂੰ ਪੇਸ਼ ਹੋਣ ਲਈ ਕਿਹਾ ਹੈ। ਪੁਲਸ ਨੇ ਇੱਕ ਪ੍ਰਸ਼ਨ ਪੱਤਰ ਤਿਆਰ ਕੀਤਾ ਹੈ। ਇਸ ਤੋਂ ਪਹਿਲਾਂ ਸੀ ਆਈ ਡੀ ਵੱਲੋਂ ਮੈਰੀਨ ਡਰਾਈਵ ਕੇਸ ਦੇ ਸਬੰਧ ਵਿੱਚ ਪੁਲਸ ਇੰਸਪੈਕਟਰ ਨੰਦ ਕੁਮਾਰ ਗੋਪਾਲ ਅਤੇ ਆਸ਼ਾ ਕੋਰਕੇ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਵੀਰਵਾਰ ਨੂੰ ਪਰਤਣ ਮਗਰੋਂ ਪਰਮਬੀਰ ਸਿੰਘ ਮੁੰਬਈ ਅਪਰਾਧ ਸੈਲ ਅੱਗੇ ਪੇਸ਼ ਹੋਏ ਸਨ ਅਤੇ ਅਗਲੇ ਦਿਨ ਉਨ੍ਹਾਂ ਕੋਲੋਂ ਠਾਣੇ ਸਿਟੀ ਪੁਲਸ ਨੇ ਪੁੱਛਗਿੱਛ ਕੀਤੀ ਸੀ। ਆਈ ਪੀ ਐਸ ਅਧਿਕਾਰੀ ਪਰਮਬੀਰ ਸਿੰਘ ਮਹਾਰਾਸ਼ਟਰ ਵਿੱਚ ਜਬਰੀ ਵਸੂਲੀ ਦੇ ਘੱਟੋ-ਘੱਟ ਪੰਜ ਕੇਸਾਂ ਵਿੱਚ ਫਸਿਆ ਹੈ।

# ਪੁਲਸ ਅਧਿਕਾਰੀ ਸਮੇਤ ਪੰਜ ਜਣਿਆਂ ਦਾ ਕਤਲ

ਅਗਰਤਲਾ, 28 ਨਵੰਬਰ (ਪੋਸਟ ਬਿਊਰੋ)- ਤ੍ਰਿਪੁਰਾ ਦੇ ਖੋਵਈ ਜ਼ਿਲ੍ਹੇ ਵਿੱਚ ਇੱਕ ਵਿਅਕਤੀ ਨੇ ਭੇਤਭਰੇ ਤਰੀਕੇ ਨਾਲ ਇੱਕ ਪੁਲਸ ਅਧਿਕਾਰੀ ਤੇ ਉਸ ਦੀਆਂ ਦੋ ਨਾਬਾਲਗ ਧੀਆਂ ਸਮੇਤ ਚਾਰ ਹੋਰਨਾਂ ਦੀ ਹੱਤਿਆ ਕਰ ਦਿੱਤੀ।


ਖੋਵਾਈ ਜ਼ਿਲ੍ਹੇ ਦੇ ਐਸ ਪੀ ਕਿਰਨ ਕੁਮਾਰ ਨੇ ਕਿਹਾ ਕਿ ਹਮਲਾਵਰ ਚਾਰ ਸਾਲਾ ਪ੍ਰਦੀਪ ਦੇਬ ਰਾਏ ਨੇ ਸ਼ੁੱਕਰਵਾਰ ਅੱਧੀ ਰਾਤ ਦੇ ਬਾਅਦ ਆਪਣੀਆਂ ਧੀਆਂ ਮੰਦਿਰਾ ਅਤੇ ਅਦਿਤੀ ਜਿਨ੍ਹਾਂ ਉਮਰ ਇੱਕ ਤੇ ਸੱਤ ਸਾਲ ਸੀ, ਦੀ ਹੱਤਿਆ ਕਰ ਦਿੱਤੀ ਅਤੇ ਫਿਰ ਉਸ ਨੇ ਆਪਣੇ 45 ਸਾਲਾ ਵੱਡੇ ਭਰਾ ਅਮਲੇਸ਼ ਦੇਬ ਰਾਏ ਦੀ ਹੱਤਿਆ ਕਰ ਦਿੱਤੀ, ਕਿਉਂਕਿ ਉਨ੍ਹਾਂ ਨੇ ਛੋਟੇ ਭਰਾ ਨੂੰ ਅਜਿਹਾ ਕਰਨ ਤੋਂ ਰੋਕਿਆ ਸੀ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ, "ਜਦ ਇੰਸਪੈਕਟਰ ਸਤਿਆਜੀਤ ਮਲਿਕ ਦੀ ਅਗਵਾਈ ਵਿੱਚ ਪੁਲਸ ਟੀਮ ਰਾਮ ਚੰਦਰ ਘਾਟ ਪਿੰਡ ਪਹੁੰਚੀ ਤਾਂ ਦੇਬ ਨੇ ਮਲਿਕ ਉੱਤੇ ਲੋਹੇ ਦੀ ਰਾਡ ਨਾਲ ਹਮਲਾ ਕੀਤਾ ਅਤੇ ਪੁਲਸ ਅਧਿਕਾਰੀ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ।" ਉਨ੍ਹਾਂ ਨੇ ਕਿਹਾ ਕਿ ਬਾਅਦ ਵਿੱਚ ਦੇਬ ਰਾਏ ਨੇ ਨੇੜਿਓਂ ਸੜਕ ਤੋਂ ਲੰਘਦੇ ਆਟੋ ਰਿਕਸ਼ਾ ਚਾਲਕ ਉੱਤੇ ਹਮਲਾ ਕੀਤਾ ਅਤੇ ਚਾਲਕ 45 ਸਾਲਾ ਕ੍ਰਿਸ਼ਨ ਦਾਸ ਦੀ ਹੱਤਿਆ ਕਰ ਦਿੱਤੀ, ਜੋ ਆਪਣੇ ਪਰਵਾਰ ਨਾਲ ਇੱਕ ਸਮਾਜਕ ਸਮਾਰੋਹ ਤੋਂ ਘਰ ਆ ਰਿਹਾ ਸੀ। ਦੇਬ ਰਾਏ ਦੀ ਪਤਨੀ 32 ਸਾਲਾ ਮੀਨਾ ਦੇਬ ਰਾਏ ਅਤੇ ਦਾਸ ਦਾ ਬੇਟਾ 22 ਸਾਲਾ ਕਰਣਧੀਰ ਦਾਸ ਵੀ ਹਮਲੇ ਵਿੱਚ ਗੰਭੀਰ ਜ਼ਖਮੀ ਹੋ ਗਏ।

# ਟਰੱਕ-ਐਂਬੂਲੈਂਸ ਦੀ ਟੱਕਰ ਵਿੱਚ ਮਰੀਜ਼ ਸਮੇਤ ਚਾਰ ਜਣਿਆਂ ਦੀ ਮੌਤ



ਦੌਸਾ, 28 ਨਵੰਬਰ (ਪੋਸਟ ਬਿਊਰੋ)- ਅਲਵਰ-ਸਿਕੰਦਰਾ ਮੇਗਾ ਹਾਈਵੇ ਉੱਤੇ ਦੌਸਾ ਦੇ ਸੁਰੇਰ ਨੇੜੇ ਕੱਲ੍ਹ ਸਵੇਰੇ ਇੱਕ ਐਂਬੂਲੈਂਸ ਨੂੰ ਸਾਹਮਣੇ ਤੋਂ ਆਏ ਤੇਜ਼ ਰਫਤਾਰ ਟਰੱਕ ਨੇ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਐਂਬੂਲੈਂਸ ਡਰਾਈਵਰ ਤੇ ਮਰੀਜ਼ ਸਮੇਤ ਚਾਰ ਜਣਿਆਂ ਦੀ ਘਟਨਾ ਵਾਲੀ ਜਗ੍ਹਾ ਉੱਤੇ ਮੌਤ ਹੋ ਗਈ।

ਬਸਵਾ ਥਾਣਾ ਦੇ ਇੰਚਾਰਜ ਨੇ ਦੱਸਿਆ ਹੈ ਕਿ ਢਹਿਲਾਵਾਸ (ਮਾਲਾਖੇੜਾ) ਦੇ ਬਲਜੀਤ ਪ੍ਰਜਾਪਤ ਦਾ ਤਿੰਨ ਦਿਨ ਪਹਿਲਾਂ ਪੈਰ ਟੁੱਟ ਗਿਆ ਸੀ। ਘਰ ਵਾਲੇ ਉਸ ਨੂੰ ਇਲਾਜ ਲਈ ਜੈਪੁਰ ਲਿਜਾ ਰਹੇ ਸਨ। ਇਸੇ ਦੌਰਾਨ ਹਾਦਸਾ ਹੋਇਆ। ਇਸ ਵਿੱਚ ਜੈਪੁਰ ਦੇ ਐਂਬੂਲੈਂਸ ਡਰਾਈਵਰ ਮਹੇਸ਼ ਖੰਡੇਲਵਾਲ, ਅਲਵਰ ਦੇ ਹਿੰਮਤ ਪ੍ਰਜਾਪਤ, ਬਲਜੀਤ ਪ੍ਰਜਾਪਤ (28) ਅਤੇ ਭੂਪ ਸਿੰਘ ਪ੍ਰਜਾਪਤ (35) ਦੀ ਮੌਕੇ ਉੱਤੇ ਮੌਤ ਹੋ ਗਈ। ਬਲਜੀਤ ਦਾ ਭਰਾ ਭਾਗ ਚੰਦ ਤੇ ਡਰਾਈਵਰ ਦਾ ਦੋਸਤ ਨਵਦੀਪ ਵਾਸੀ ਸੀਕਰ ਗੰਭੀਰ ਜ਼ਖਮੀ ਹਨ।






# ਕੀ ਤੁਸੀਂ ਕਰਜ਼ੇ ਵਿੱਚ ਹੋ?



**ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?**

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST
- -Credit Card Debts
- -Personal Loans
- -Pay Day Loans
- -Student Loans
- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

**CALEDON**
BRAND NEW HOUSE FOR SALE ON ASSIGNMENT (IN CALEDON)
ਕੈਨੇਡੀ / ਦੂੱਗਲ
ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੂਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

**BRAMPTON**
Queen St / West Drive $514,905
12 laurelcrest St. 411
ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਿਟੀ ਦੇ ਨਾਲ ਫੁਲੀ ਰੈ-ਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼-ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ

**BRAMPTON**
Sold, $1,280,000
$ 1,199,905 Bramlea Rd./Bovaird Dr.
ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ 2600 ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ।ਸਾਰੀਆਂ ਸਹੂਲਤਾਂ ਦੇ ਨਜ਼ਦੀਕ

**BRAMPTON**
Queen St / West Drive
24Youngstar Tr Hwy 50/Cottrelle
2+1ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫ਼ਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

**BRAMPTON**
Sold, $ 1,980,000
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਉਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ।ਨਾਲ

Sold, $ 2.3 M
Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

## Recently Sold in your neighbourhood

| | |
|---|---|
| 48 Saintfield Dr, Vaughan | SOLD $849,900 |
| 37 Esker Dr, Brampton | SOLD $1,095,900 |
| 11 Germain Circle, Brampton | SOLD $1,099,905 |
| 5 Mitchell Ave, Brampton | SOLD $1,199,905 |
| 42 Pinedale Ave, Brampton | SOLD $1,499,900 |
| 11 Van Hoof Cres , Brampton | SOLD $1,999,905 |






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017